
ਹੱਸਤੀ ਦੁਨੀਆ
Hansti Duniya (Punjabi)
Vol. 42 No. 01
January 2018
₹15/-

# ਹੰਸਤੀ ਦੁਨੀਆ

Vol. 42 • ਅੰਕ : 01 • ਜਨਵਰੀ 2018 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

C.L. Gulati,
Member Incharge Magazine

Printer & Publisher Radhey Shyam, on behalf of Sant Nirankai Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

*Chief Editor :*
*Harjeet Nishad*

*Editor (Honorary)*
Sulekh Singh 'Sathi'



Email: editorial@nirankari.org


Ph.: 011-47660200
Fax: 011-27608215
Website: http//www.nirankari.org
kids.nirankari.org



## Subscription Value

| | India/ Nepal | UK | Europe | USA | Canada/ Australia |
|---|---|---|---|---|---|
| Annual | Rs.150 | £15 | € 20 | $25 | $30 |
| 5 Years | Rs.700 | £70 | € 95 | $120 | $140 |

Other Countries
Equivalent to U.S. Dollars as mentioned above.









## ਸਤੰਭ


ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 10
ਹਾਸਾ-ਖੇਡਾ 16
ਸਾਧਾਰਣ ਗਿਆਨ ਪ੍ਰਸ਼ਨੋਤਰੀ 19
ਕੀ ਤੁਸੀਂ ਜਾਣਦੇ ਹੋ? 27
ਰੰਗ ਭਰੋ ਪ੍ਰਤੀਯੋਗਿਤਾ 38
ਕਦੇ ਨਾ ਭੁੱਲੋ 50


## ਚਿੱਤਰਕਥਾਵਾਂ


ਕਿੱਟੀ 20
ਦਾਦਾ ਜੀ 46




















## ਕਹਾਣੀਆਂ


ਸਹੀ ਕੀਮਤ
– ਰਾਜਿੰਦਰ ਪਰਦੇਸੀ 6

ਸੋਨਮ
– ਸਾਬਿਰ ਹੁਸੈਨ 12

ਨਵੇਂ ਸਾਲ ਦੀ ਨਵੀਂ ਸ਼ੁਰੂਆਤ
– ਸੁਨੀਲ ਨਾਗਪਾਲ 18

ਮਿੱਕੀ ਬਾਂਦਰ ਅਤੇ ਸ਼ਿਕਾਰੀ
– ਅਮਨਪ੍ਰੀਤ 28

ਪਰਉਪਕਾਰ ਵਿਚ ਫਲ ...
– ਕਮਲ ਜੈਨ 36

ਮੈਂ ਖੀਰ ਨਹੀਂ ਖਾਵਾਂਗਾ
– ਅਨਿਲ ਸਤੀਜਾ 40

ਮਿੱਕੀ ਦੀ ਸਿਆਣਪ
– ਸੁਰਿੰਦਰ ਕੌਰ 'ਰੋਮੀ' 44


## ਗੀਤ-ਕਵਿਤਾਵਾਂ


ਤਿਰੰਗਾ
– ਜਗਤਾਰ ਚਮਨ 5

ਮੇਰਾ ਸਕੂਲ
– ਭੁਪਿੰਦਰ ਸਿੰਘ ਆਸ਼ਟ 11

ਪ੍ਰਣਾਮ ਸ਼ਹੀਦਾਂ ਨੂੰ
– ਸਾਜਨ ਸਚਦੇਵਾ 26

ਗਣਤੰਤਰ ਦਿਵਸ ਮਨਾਈਏ
– ਪ੍ਰਿਤਪਾਲ ਸਾਦਿਕ 31

ਵਿੱਦਿਆ ਬੜੀ ਅਨਮੋਲ
– ਲਖਵਿੰਦਰ ਸੁਮਨ 33

ਮੇਰਾ ਵੀਰਾ
– ਦਰਸ਼ਨ ਸਿੰਘ ਕੰਡਾ 35


## ਵਿਸ਼ੇਸ਼ ਲੇਖ


ਲੋਹੜੀ ਦਾ ਤਿਉਹਾਰ
– ਬਲਵਿੰਦਰ ਬਾਲਮ 08

ਰਾਸ਼ਟਰੀ ਝੰਡਾ ਅਤੇ ਰਾਸ਼ਟਰੀ ਗੀਤ
– ਪ੍ਰੋਫੈਸਰ ਸੀ.ਡੀ. ਵਰਮਾ 14

ਨਾਰਦਨ ਲਾਈਟਸ
– ਡਾ. ਸੁਖਦਰਸ਼ਨ ਸਿੰਘ 24

ਰਜਨੀ ਨੇ ਜਿੱਤੇ ...ਚਾਰ ਮੈਡਲ
– ਸ਼ੰਭੂ ਮਸਤਾਨਾ 32

ਸਭ ਤੋਂ ਅੱਗੇ ਭਾਰਤੀ ਨਾਰੀ
– ਭਾਰਤ ਭੂਸ਼ਣ ਸ਼ੁਕਲ 34

ਸੌਖੀ ਆਪਣੇ ਪੈਰਾਂ ਨੂੰ ...
– ਨੈਨਤਾਰਾ ਦੀਦੀ 39

ਤੰਦਰੁਸਤੀ ਤੇ ਸੁੰਦਰਤਾ ... ਨਿੰਬੂ
– ਨੀਤੂ ਅਸ਼ੋਕ 43

## ਸਭ ਤੋਂ ਪਹਿਲਾਂ

# ਨਵਾਂ ਸਾਲ ਮੁਬਾਰਕ




ਪਿਆਰੇ ਬੱਚਿਓ ! ਸਾਲ 2017 ਆਪਣੀ ਯਾਤਰਾ ਪੂਰਣ ਕਰ ਕੇ ਸਾਡੇ ਤੋਂ ਵਿਦਾ ਲੈ ਚੁਕਿਆ ਹੈ ਅਤੇ ਅਸੀਂ ਨਵੇਂ ਸਾਲ 2018 ਵਿਚ ਪਹੁੰਚ ਚੁਕੇ ਹਾਂ। ਬੀਤੇ ਹੋਏ ਵਰ੍ਹੇ ਵਿਚ ਹਾਸਿਲ ਕੀਤੀਆਂ ਉਪਲਬਧੀਆਂ ਨੂੰ ਨਾਲ ਲੈ ਕੇ ਅਸੀਂ ਨਵੇਂ ਵਰ੍ਹੇ ਵਿਚ ਨਵੀਆਂ ਮੱਲਾਂ ਮਾਰਨ ਦੇ ਜਤਨ ਕਰਨੇ ਹਨ।

ਹਰ ਨਵਾਂ ਪਲ, ਹਰ ਨਵਾਂ ਦਿਨ, ਹਰ ਨਵਾਂ ਸਾਲ ਸਾਨੂੰ ਕੁਝ ਨਾ ਕੁਝ ਨਵਾਂ ਕਰਨ ਦੀ ਪ੍ਰੇਰਣਾ ਦਿੰਦਾ ਹੈ ਪਰ ਇਸ ਨਵੇਂਪਨ ਦੀ ਭਾਲ ਅਤੇ ਪ੍ਰਾਪਤੀ ਕਰਨ ਦੇ ਨਾਲ-ਨਾਲ ਅਸੀਂ ਬੀਤੇ ਹੋਏ ਸਮੇਂ ਦਾ ਧਿਆਨ ਵੀ ਜਰੂਰ ਕਰਨਾ ਹੁੰਦਾ ਹੈ ਤਾਕਿ ਉਸ ਸਮੇਂ ਦੌਰਾਨ ਹੋਈਆਂ ਵਿਸ਼ੇਸ਼ ਘਟਨਾਵਾਂ ਸਾਨੂੰ ਅੱਗੇ ਆਉਣ ਵਾਲੇ ਸਮੇਂ ਦੀਆਂ ਪ੍ਰਾਪਤੀਆਂ ਲਈ ਮਾਰਗਦਰਸ਼ਨ ਕਰ ਸਕਣ।

ਪਿਆਰੇ ਬੱਚਿਓ ! ਤੁਸੀਂ ਜਾਣਦੇ ਹੀ ਹੋ ਕਿ ਜਨਵਰੀ ਮਹੀਨੇ ਦੀ 26 ਤਰੀਕ ਨੂੰ ਸਾਡੇ ਆਜ਼ਾਦ ਭਾਰਤ ਦਾ ਆਪਣਾ ਸੰਵਿਧਾਨ ਲਾਗੂ ਕੀਤਾ ਗਿਆ ਸੀ ਜਿਸ ਅਨੁਸਾਰ ਦੇਸ਼ ਵਿਚ ਰਹਿਣ ਵਾਲੇ ਹਰ ਨਾਗਰਿਕ ਲਈ ਸਮਾਨਤਾ ਦਾ ਅਧਿਕਾਰ ਦਿਤਾ ਗਿਆ ਹੈ। ਜੀਵਨ ਦੇ ਸਫਰ ਵਿਚ ਉਚਾਈਆਂ ਹਾਸਿਲ ਕਰਨ ਦੇ ਇਕੋ ਜਿਹੇ ਮੌਕੇ ਸਾਨੂੰ ਹਾਸਿਲ ਹੁੰਦੇ ਹਨ। ਅਸੀਂ ਇਸ ਗੱਲ ਨੂੰ ਮਨ ਵਿਚ ਵਸਾ ਕੇ ਜਿਥੇ ਸਾਰਿਆਂ ਲਈ ਇਕੋ ਜਿਹੇ ਪਿਆਰ , ਸਤਿਕਾਰ ਦੀ ਭਾਵਨਾ ਨੂੰ ਅਪਨਾਉਣਾ ਹੈ, ਉਥੇ ਸਹਿਹੋਂਦ ਦੇ ਸਿਧਾਂਤ ਦੀ ਪਾਲਨਾ ਕਰਦਿਆਂ ਸਾਰਿਆਂ ਨੂੰ ਸਫਲਤਾ ਦੀਆਂ ਬੁਲੰਦੀਆਂ ਤੇ ਪਹੁੰਚਣ ਵਿਚ ਮਦਦਗਾਰ ਬਣਨਾ ਹੈ।

ਪਿਆਰੇ ਬੱਚਿਓ! ਸੰਵਿਧਾਨ ਵਿਚ ਹਰ ਸ਼ਹਿਰੀ ਦੀਆਂ ਕੁਝ ਜਿੰਮੇਦਾਰੀਆਂ ਦਾ ਵੀ ਜਿਕਰ ਹੈ, ਕੁਝ ਨਿਯਮ ਕਾਨੂੰਨ ਵੀ ਬਣਾਏ ਗਏ ਹਨ। ਉਨ੍ਹਾਂ ਦੀ ਪਾਲਨਾ ਕਰਦੇ ਹੋਏ ਖੁਦ ਵੀ ਜੀਣਾ ਹੈ ਅਤੇ ਹੋਰਨਾਂ ਨੂੰ ਵੀ ਜੀਉਣ ਦਾ ਹੱਕ ਦੇਣਾ ਹੈ।

ਹਾਂ, ਇਕ ਗੱਲ ਹੋਰ ! ਨਵੇਂ ਸਾਲ ਵਿਚ ਆਪਣੀ ਪੜ੍ਹਾਈ ਵਲ ਵੀ ਪਹਿਲਾਂ ਤੋਂ ਜਿਆਦਾ ਧਿਆਨ ਦੇਣਾ ਹੈ ਅਤੇ ਪੁਰਾਣੇ ਸਾਲ ਵਿਚ ਹਾਸਿਲ ਨੰਬਰਾਂ ਤੋਂ ਜਿਆਦਾ ਨੰਬਰ ਲੈ ਕੇ ਅਗਲੀਆਂ ਕਲਾਸਾਂ ਵਿਚ ਜਾਣਾ ਹੈ, ਤਾਂ ਹੀ ਹੋਵੇਗਾ –

ਨਵਾਂ ਸਾਲ ਮੁਬਾਰਕ !

ਸੁਲੇਖ 'ਸਾਥੀ'
ssathi_2007@yahoo.com





ਬਾਲ ਗੀਤ - ਜਗਤਾਰ ਚਮਨ

# ਤਿਰੰਗਾ

ਭਾਰਤ ਦੀ ਹੈ ਸ਼ਾਨ ਤਿਰੰਗਾ,
ਸਾਡੇ ਲਈ ਹੈ ਮਾਣ ਤਿਰੰਗਾ।

ਹੋ ਗਏ ਦੇਸ਼ ਤੋਂ ਜੋ ਕੁਰਬਾਨ,
ਅਣਖੀ ਗਭਰੂ ਵੀਰ ਜਵਾਨ,
ਸ਼ਹੀਦਾਂ ਦੀ ਹੈ ਜਾਨ ਤਿਰੰਗਾ,
ਭਾਰਤ ...

ਹੈ ਕਰਨੀ ਕਦਰ ਤਿਰੰਗੇ ਦੀ,
ਆਪਣੇ ਝੰਡੇ ਤਿੰਨ-ਰੰਗੇ ਦੀ,
ਦੇਸ਼ ਦੀ ਹੈ ਪਹਿਚਾਨ ਤਿਰੰਗਾ,
ਭਾਰਤ ...

ਦੇਸ਼ ਭਗਤੀ ਦੇ ਲਈ ਜਾਗੋ,
ਕਸਮਾਂ ਖਾਉ ਨਸ਼ੇ ਤਿਆਗੋ,
ਕਰ ਰਿਹਾ ਹੈ ਐਲਾਨ ਤਿਰੰਗਾ,
ਭਾਰਤ ...

ਜਦ ਵੀ ਕੋਈ ਤਿਉਹਾਰ ਮਨਾਵੋ,
ਝੰਡਾ ਉਚੱਾ ਚਮਨ ਲਹਿਰਾਵੋ,
ਸਾਡੀ ਹੈ ਮੁਸਕਾਨ ਤਿੰਰਗਾ,
ਭਾਰਤ ...

ਰਾਜਿੰਦਰ ਪਰਦੇਸੀ

# ਸਹੀ ਕੀਮਤ

ਰਾਮਗੜ੍ਹ ਵਿਚ ਇਕ ਸੁਨਿਆਰਾ ਰਹਿੰਦਾ ਸੀ। ਉਹ ਬਹੁਤ ਗੁਣਵਾਨ ਅਤੇ ਪਾਰਖੀ ਸੀ। ਕਿਸੇ ਚੀਜ਼ ਨੂੰ ਇਕ ਵਾਰ ਵੇਖ ਕੇ ਹੀ ਉਸ ਦੀ ਸਹੀ ਕੀਮਤ ਦੱਸ ਦਿੰਦਾ ਸੀ। ਇਸ ਕਾਰਨ ਉਸ ਕੋਲ ਦੂਰ-ਦੂਰ ਤੋਂ ਆਪਣੀਆਂ ਚੀਜ਼ਾਂ ਦੀ ਸਹੀ ਕੀਮਤ ਜਾਨਣ ਲਈ ਲੋਕ ਆਉਂਦੇ ਸਨ। ਹੌਲੀ-ਹੌਲੀ ਇਸਦੀ ਚਰਚਾ ਉਥੋਂ ਦੇ ਰਾਜੇ ਦੇ ਕੰਨਾਂ ਵਿਚ ਪਹੁੰਚ ਗਈ। ਰਾਜੇ ਨੇ ਜੌਹਰੀ ਦੇ ਗੁਣਾਂ ਦੀ ਪਰੀਖਿਆ ਲੈਣ ਦੀ ਸੋਚੀ। ਰਾਜਾ ਨੇ ਉਸ ਨੂੰ ਆਪਣੇ ਦਰਬਾਰ ਵਿਚ ਹਾਜ਼ਿਰ ਹੋਣ ਲਈ ਕਿਹਾ।

ਰਾਜਾ ਦੇ ਆਦੇਸ਼ ਤੇ ਸੁਨਿਆਰਾ ਦਰਬਾਰ ਵਿਚ ਹਾਜ਼ਿਰ ਹੋਇਆ। ਰਾਜਾ ਨੇ ਸੁਨਿਆਰੇ ਨੂੰ ਬੈਠਣ ਲਈ ਕਿਹਾ। ਫਿਰ ਆਪਣੇ ਕੋਲ ਬੈਠੇ ਰਾਜਕੁਮਾਰ ਦੀ ਤਰਫ ਇਸ਼ਾਰਾ ਕਰਦੇ ਹੋਏ ਕਿਹਾ - ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਮੇਰੇ ਰਾਜਕੁਮਾਰ ਦੀ ਅਸਲੀ ਕੀਮਤ ਕੀ ਹੈ?

ਰਾਜਾ ਦਾ ਆਦੇਸ਼ ਸੁਣ ਕੇ ਉਹ ਬਹੁਤ ਹੈਰਾਨੀ ਵਿਚ ਪੈ ਗਿਆ। ਉਸ ਨੇ ਕਦੇ ਕਿਸੇ ਵਿਅਕਤੀ ਦੀ ਕੀਮਤ ਨਹੀਂ ਕੀਤੀ ਸੀ। ਉਹ ਮਨ ਹੀ ਮਨ ਸੋਚਣ ਲੱਗਾ ਕਿ ਮੈ ਰਾਜਕੁਮਾਰ ਦੀ ਕੀਮਤ ਕੀ ਦੱਸਾਂ? ਜੇਕਰ ਕੀਮਤ ਘੱਟ ਹੋਈ ਤਾਂ ਰਾਜਾ ਨਾਰਾਜ਼ ਹੋ ਕੇ ਸਜ਼ਾ ਦੇ ਦੇਵੇਗਾ। ਜੇਕਰ ਕੀਮਤ ਜ਼ਿਆਦਾ ਹੋਈ ਤਾਂ ਕੀ ਕਰੇਗਾ? ਇਹ ਵੀ ਨਹੀਂ ਪਤਾ। ਬਹੁਤ ਦੇਰ ਤਕ ਸੁਨਿਆਰਾ ਇਹੀ ਸੋਚਦਾ ਰਿਹਾ।ਫਿਰ ਬੋਲਿਆ - ਰਾਜਨ ! ਕੰਮ ਬਹੁਤ ਮੁਸ਼ਕਿਲ ਹੈ ਇਸ ਲਈ ਤੁਸੀਂ ਮੈਨੂੰ ਇਕ ਹਫਤੇ ਦਾ ਸਮਾਂ ਦੇ ਦਿਉ।

ਠੀਕ ਹੈ ! ਇਕ ਹਫਤੇ ਦਾ ਸਮਾਂ ਦੇ ਦਿੰਦਾ ਹਾਂ। ਇਕ ਹਫਤੇ ਬਾਅਦ ਜੇਕਰ ਮੇਰੇ ਪੁੱਤਰ ਦੀ ਸਹੀ ਕੀਮਤ ਨਾ ਦੱਸੀ ਤਾਂ ਲੋਕਾਂ ਨੂੰ ਠੱਗਣ ਦੇ ਆਰੋਪ ਵਿਚ ਮੈਂ ਤੈਨੂੰ ਮੌਤ ਦੀ ਸਜ਼ਾ ਦੇਵਾਂਗਾ - ਰਾਜਾ ਨੇ ਕਿਹਾ।

ਰਾਜਾ ਦੀ ਗੱਲ ਸੁਣ ਕੇ ਸੁਨਿਆਰਾ ਆਪਣੇ ਘਰ ਵਾਪਸ ਆਇਆ। ਦੋ ਤਿੰਨ ਦਿਨਾਂ ਤਕ ਉਹ ਇਹੀ ਸੋਚਦਾ ਰਿਹਾ ਕਿ ਰਾਜਕੁਮਾਰ ਦੀ ਸਹੀ ਕੀਮਤ ਕਿਵੇਂ ਦੱਸੀ ਜਾਵੇ। ਸੁਨਿਆਰੇ ਨੂੰ ਪਰੇਸ਼ਾਨ ਵੇਖ ਕੇ ਉਸ ਦੇ ਪਿਤਾ ਨੇ ਉਸਦੀ ਪਰੇਸ਼ਾਨੀ ਦਾ ਕਾਰਨ ਪੁੱਛਿਆ





– ਪੁੱਤਰ ਕੀ ਗੱਲ ਹੈ? ਤੂੰ ਪਰੇਸ਼ਾਨ ਕਿਉਂ ਨਜ਼ਰ ਆ ਰਿਹਾ ਹੈ?

ਸੁਨਿਆਰੇ ਨੇ ਆਪਣੀ ਸਮੱਸਿਆ ਦੱਸੀ ਤਾਂ ਉਸ ਦੇ ਪਿਤਾ ਜੀ ਬੋਲੇ – ਤੂੰ ਵਿਅਰਥ ਵਿਚ ਹੀ ਚਿੰਤਾ ਕਰ ਰਿਹਾ ਹੈਂ। ਰਾਜਕੁਮਾਰ ਦੀ ਕੀਮਤ ਦੱਸਣਾ ਤਾਂ ਬਹੁਤ ਆਸਾਨ ਹੈ। ਕੱਲ ਤੂੰ ਜਾ ਕੇ ਰਾਜਾ ਨੂੰ ਕਹੀਂ ਕਿ ਰਾਜਕੁਮਾਰ ਦੇ ਹੱਥਾਂ ਉਤੇ ਜੋ ਲਕੀਰਾਂ ਰੱਬ ਨੇ ਪਾਈਆਂ ਹਨ ਉਸਦੀ ਕੀਮਤ ਤਾਂ ਕੋਈ ਵੀ ਨਹੀਂ ਲਗਾ ਸਕਦਾ ਪਰ ਜੇਕਰ ਇਹ ਲਕੀਰਾਂ ਹਟਾ ਦਿੱਤੀਆਂ ਜਾਣ ਤਾਂ ਇਸ ਦੀ ਕੀਮਤ ਦੋ ਕੌਡੀਆਂ ਵੀ ਨਹੀਂ ਰਹੇਗੀ।

ਦੂਜੇ ਦਿਨ ਸੁਨਿਆਰਾ ਦਰਬਾਰ ਵਿਚ ਹਾਜ਼ਿਰ ਹੋਇਆ। ਰਾਜਾ ਨੇ ਪੁੱਛਿਆ – ਸਹੀ ਕੀਮਤ ਪਤਾ ਕਰ ਲਈ?

ਸੁਨਿਆਰੇ ਨੇ ਕਿਹਾ – ਹਾਂ ਰਾਜਨ !

ਸਹੀ ਕੀਮਤ ਕੀ ਹੈ? ਰਾਜਾ ਨੇ ਪੁੱਛਿਆ।

ਸੁਨਿਆਰੇ ਨੇ ਰਾਜਾ ਦੇ ਪੁੱਤਰ ਦੇ ਹੱਥ ਉਤੇ ਉਂਗਲੀਆਂ ਰੱਖ ਕੇ ਆਪਣੇ ਪਿਤਾ ਦੀ ਕਹੀ ਗੱਲ ਨੂੰ ਦੁਹਰਾ ਦਿੱਤਾ।

ਰਾਜਾ ਸੋਚਣ ਲੱਗਾ ਕਿ ਜੌਹਰੀ ਨੇ ਸਹੀ ਕਿਹਾ ਹੈ। ਕਿਸਮਤ ਦੀ ਕੀਮਤ ਕੋਈ ਨਹੀਂ ਲਗਾ ਸਕਦਾ ਜਿਸ ਕਾਰਨ ਮੇਰਾ ਪੁੱਤਰ ਰਾਜਕੁਮਾਰ ਬਣ ਸਕਿਆ ਹੈ ਪਰੰਤੂ ਆਮ ਆਦਮੀ ਦੀ ਤਰ੍ਹਾਂ ਜੇਕਰ ਇਸ ਨੂੰ ਕੰਮ ਕਰ ਕੇ ਗੁਜ਼ਾਰਾ ਕਰਨਾ ਪਏ ਤਾਂ ਸ਼ਾਇਦ ਹੀ ਇਹ ਦੋ ਕੌਡੀਆਂ ਕਮਾ ਸਕੇ।

ਸੁਨਿਆਰੇ ਦੇ ਇਸ ਜਵਾਬ ਤੋਂ ਰਾਜਾ ਬਹੁਤ ਖੁਸ਼ ਹੋਇਆ। ਉਸ ਦੇ ਗੁਣਾ ਦੀ ਤਾਰੀਫ ਕੀਤੀ ਅਤੇ ਉਸ ਨੂੰ ਬਹੁਤ ਸਾਰਾ ਇਨਾਮ ਦੇ ਦਿੱਤਾ।

- ਆਪਣੀਆਂ ਜ਼ਰੂਰਤਾਂ ਨੂੰ ਸੀਮਿਤ ਰੱਖਣ ਵਾਲਾ ਸਦਾ ਸੁਖੀ ਰਹਿੰਦਾ ਹੈ।
- ਹਰ ਮਨੁੱਖ ਨੂੰ ਆਪਣਾ ਜੀਵਨ ਪਿਆਰਾ ਹੁੰਦਾ ਹੈ ਪਰੰਤੂ ਮਹਾਨ ਪੁਰਸ਼ਾਂ ਨੂੰ ਦੂਸਰਿਆਂ ਦਾ ਜੀਵਨ ਵੀ ਪਿਆਰਾ ਲਗਦਾ ਹੈ।
- ਉਹ ਹੀ ਉਨਤੀ ਕਰ ਸਕਦਾ ਹੈ ਜੋ ਪਹਿਲਾਂ ਆਪਣੇ ਆਪ ਨੂੰ ਉਪਦੇਸ਼ ਦਿੰਦਾ ਹੈ।

– ਸ਼ੈਕਸਪੀਅਰ



□ ਬਲਵਿੰਦਰ ਬਾਲਮ

# ਲੋਹੜੀ ਦਾ ਤਿਉਹਾਰ

**ਛੋਟੀਆਂ** ਛੋਟੀਆਂ ਖੁਸ਼ੀਆਂ ਦਾ ਸੰਗ੍ਰਹਿ ਹੀ ਜ਼ਿੰਦਗੀ ਹੈ। ਖੁਸ਼ੀਆਂ ਦਾ ਪੂਰਾ ਅੰਬਰ ਕਿਸੇ ਕੋਲ ਨਹੀਂ ਹੈ ਕਿ ਮਨੁੱਖ ਜਦੋਂ ਮਰਜ਼ੀ ਚਾਹੇ ਖੁਸ਼ੀ ਦਾ ਤਾਰਾ ਤੋੜ ਕੇ ਜ਼ਿੰਦਗੀ ਨੂੰ ਸ਼ਿਗਾਰ ਲਵੇ। ਮਨੁੱਖ ਦੀ ਜ਼ਿੰਦਗੀ ਵਿਚ ਖ਼ੂਬਸੂਰਤੀਆਂ, ਜੀਣ ਦੀ ਵੰਨਗੀ ਉਮੰਗ, ਇਕ ਲਲਕ, ਇਕ ਇੱਛਾ ਪੈਦਾ ਕਰਦੇ ਹਨ ਮੇਲੇ ਤੇ ਤਿਉਹਾਰ।

ਲੋਹੜੀ ਸ਼ਬਦ ਲੋਹੀ ਤੋਂ ਬਣਿਆ ਹੈ ਜਿਸ ਦਾ ਮਤਲਬ ਹੈ ਮੀਂਹ ਪੈਣਾ, ਫਸਲਾਂ ਦਾ ਫੁੱਟਣਾ। ਇਕ ਕਹਾਵਤ ਹੈ ''ਜੇ ਮੀਂਹ ਨਾ ਪਵੇ ਲੋਹੜੀ ਤਾਂ ਹਾੜੀ ਲੱਗੂ ਕੋਹੜੀ'' ਭਾਵ ਕਿ ਜਦੋਂ ਲੋਹੜੀ ਦੇ ਮੌਕੇ ਤੇ ਮੀਂਹ ਨਾ ਪਵੇ ਤਾਂ ਖੇਤੀ ਦਾ ਨੁਕਸਾਨ ਹੁੰਦਾ ਹੈ।

ਪਰੰਪਰਾ ਦੇ ਗੁਲਸ਼ਨ ਚੋਂ ਹੀ ਜਨਮ ਲੈਂਦਾ ਹੈ ਲੋਹੜੀ ਦਾ ਪਵਿੱਤਰ ਤਿਉਹਾਰ। ਇਹ ਤਿਉਹਾਰ ਮੌਸਮ ਦੀ ਤਬਦੀਲੀ, ਫਸਲਾਂ ਦੇ ਪੁੰਗਰਨ ਅਤੇ ਕਈ ਇਤਿਹਾਸਕ ਤੇ ਮਿਥਿਹਾਸਕ ਦੰਤ ਕਥਾਵਾਂ ਨਾਲ ਜੁੜਿਆ ਹੋਇਆ ਹੈ।

ਲੋਹੜੀ ਸਭ ਮਜ਼ਹਬਾਂ, ਧਰਮਾਂ ਲਈ ਏਕਤਾ ਦਾ ਪ੍ਰਤੀਕ, ਪਿਆਰ, ਮੁਹੱਬਤ, ਸਾਂਝੀਵਾਲਤਾ, ਮਿਲਵਰਤਨ, ਸਦਭਾਵਨਾ , ਰਿਸ਼ਤਿਆਂ ਦੀ ਮਿਠਾਸ ਵਾਲਾ ਤੇ ਸੱਭਿਆਚਾਰ ਦਾ ਇਕ ਸੁੰਦਰ ਉਪਹਾਰ ਹੈ। ਲੋਹੜੀ ਮਾਘ ਮਹੀਨੇ ਦੀ ਸੰਗਰਾਂਦ ਵਾਲੀ ਪਹਿਲੀ ਰਾਤ ਨੂੰ ਮਨਾਈ ਜਾਂਦੀ ਹੈ। ਕਿਸਾਨ ਹਾੜੀ ਦੀਆਂ ਫਸਲਾਂ ਬੀਜ ਕੇ ਵਿਹਲਾ ਹੋ ਚੁਕਿਆ ਹੁੰਦਾ ਹੈ ਤੇ ਇਸ ਤਿਉਹਾਰ ਨੂੰ ਚਾਵਾਂ, ਸਧਰਾਂ ਨਾਲ ਮਨਾਉਂਦਾ ਹੈ। ਜਿਸ ਘਰ ਵਿਚ ਲੜਕਾ ਜੰਮਿਆ ਹੋਵੇ ਉਸ ਦੀ ਸ਼ਗਨਾ ਨਾਲ, ਖੁਸ਼ੀਆਂ ਨਾਲ ਲੋਹੜੀ ਪਾਈ ਜਾਂਦੀ ਹੈ। ਬੈਂਡ ਵਾਜੇ ਵਜਾਏ ਜਾਂਦੇ ਹਨ। ਬਾਜ਼ੀਗਰਨਾ, ਗਲੋਲਨੀਆਂ ਅਤੇ ਭੰਡ ਰਿਸ਼ਤਿਆਂ ਨਾਤਿਆਂ ਦੇ ਗੀਤ ਅਤੇ ਟੱਪੇ ਸੁਣਾ ਕੇ ਹਾਸ ਵਿਅੰਗ ਅਤੇ ਮਖੌਲ ਗਾਇਨ ਸੁਣਾ ਕੇ ਆਪਣੀ ਬਣਦੀ ਲੋਹੜੀ ਬਟੋਰ ਕੇ

ਲੈ ਜਾਂਦੇ ਹਨ। ਇਸ ਦਿਨ ਹਰ ਘਰ ਵਿਚ ਮੂੰਗਫਲੀ, ਰਿਉੜੀਆਂ, ਚਿੜਵੜੇ, ਗਚਕ, ਭੁੱਗਾ, ਤਿੱਲਚੌਲੀ, ਮੱਕੀ ਦੇ ਫੁੱਲੇ ਅਤੇ ਭੁੱਜੇ ਦਾਣੇ, ਗੁੜ, ਫਲ ਆਦਿ ਲੋਹੜੀ ਵੰਡਣ ਲਈ ਰੱਖੇ ਜਾਂਦੇ ਹਨ। ਗੰਨੇ ਦੇ ਰਸ ਦੀ ਖੀਰ ਬਣਾਈ ਜਾਂਦੀ ਹੈ।

ਅੱਜ-ਕੱਲ ਲੜਕੀਆਂ ਦੇ ਜੰਮਣ ਦੀ ਖੁਸ਼ੀ ਵੀ ਪ੍ਰੇਮ ਅਤੇ ਸਧਰਾਂ ,ਚਾਵਾਂ ਨਾਲ ਮਨਾਈ ਜਾਂਦੀ ਹੈ। ਜਿਸ ਲੜਕੀ ਦੀ ਲੋਹੜੀ ਪਾਈ ਜਾਵੇ, ਰਿਸ਼ਤੇਦਾਰ ਉਸ ਨੂੰ ਗਹਿਣੇ ਅਤੇ ਖਾਸ ਕਰ ਕੇ ਪੈਰਾਂ ਦੀਆਂ ਝਾਂਜਰਾਂ ਦੇਣਾ ਸ਼ੁਭ ਸ਼ਗੁਨ ਮੰਨਦੇ ਹਨ। ਇਸ ਦਿਨ ਘਰਾਂ ਦੇ ਵਿਹੜਿਆਂ ਵਿਚ ,ਮੁਹੱਲਿਆਂ, ਬਜ਼ਾਰਾਂ ਆਦਿ ਵਿਚ ਲੰਬੀਆਂ ਲੱਕੜਾਂ ਦਾ ਢੇਰ ਬਣਾ ਕੇ ਜਾਂ ਗੋਹੇ ਦੀਆਂ ਪਾਥੀਆਂ ਦਾ ਢੇਰ ਬਣਾ ਕੇ ਉਸ ਦੀ ਅੱਗ ਦੇ ਸੇਕ ਦਾ ਲੁਤਫ ਲਿਆ ਜਾਂਦਾ ਹੈ। ਚਾਰ ਚੁਫੇਰੇ ਪਸਰੀ ਠੰਡ ਅਤੇ ਰੂੰ ਵਾਂਗ ਫੈਲੀ ਧੁੰਦ ਵਿਚ ਸੇਕ ਦਾ ਆਪਣਾ ਹੀ ਇਕ ਆਨੰਦ ਹੁੰਦਾ ਹੈ। ਲੋਕ ਇਸ ਅੱਗ ਵਿਚ ਤਿੱਲ ਆਦਿ ਸੁਟਦੇ ਹਨ। ਦੇਰ ਰਾਤ ਤਕ ਢੋਲਕੀ ਦੀ ਆਵਾਜ਼, ਢੋਲ ਦੇ ਤਾਲ, ਗਿੱਧੇ ਦੀ ਧਮਕ ਅਤੇ ਗੀਤਾਂ ਦੀ ਲੈਅ ਸੁਣਾਈ ਦਿੰਦੀ ਰਹਿੰਦੀ ਹੈ। ਰਿਸ਼ਤਿਆਂ ਦੀ ਖੁਸ਼ਬੂ, ਮੋਹ-ਮਮਤਾ ਅਤੇ ਪਿਆਰ ਦਾ ਨਜ਼ਾਰਾ ਅਤੇ ਇਕ ਸੰਪੂਰਨ ਖੁਸ਼ੀ ਦਾ ਆਲਮ ਹਰ ਪਾਸੇ ਪਸਰਿਆ ਨਜ਼ਰ ਆਉਂਦਾ ਹੈ।

ਲੋਹੜੀ ਦੇ ਤਿਉਹਾਰ ਨਾਲ ਕਈ ਕਥਾਵਾਂ ਪ੍ਰਚਲਿਤ ਹਨ। ਦੱਸਿਆ ਜਾਂਦਾ ਹੈ ਕਿ ਦੁੱਲਾ ਭੱਟੀ ਇਕ ਡਾਕੂ ਹੋਇਆ ਹੈ। ਉਹ ਜ਼ਾਲਮਾਂ, ਬੇਈਮਾਨਾਂ ਅਤੇ ਧੋਖੇਬਾਜ਼ ਲੋਕਾਂ ਨੂੰ ਹੀ ਲੁੱਟਦਾ ਸੀ। ਦੀਨ-ਦੁਖੀਆਂ, ਬੇਸਹਾਰਿਆਂ, ਲੋੜਵੰਦਾਂ ਅਤੇ ਗਰੀਬਾਂ ਦੀ ਖੁੱਲ੍ਹ ਕੇ ਮਦਦ ਕਰਦਾ ਸੀ। ਇਕ ਗਰੀਬ ਬ੍ਰਾਹਮਣ ਦੀਆਂ ਦੋ ਧੀਆਂ ਸੁੰਦਰੀ ਅਤੇ ਮੁੰਦਰੀ ਸਨ। ਉਹ ਉਹਨਾਂ ਦਾ ਵਿਆਹ ਨਹੀਂ ਸੀ ਕਰ ਸਕਦਾ। ਦੁੱਲੇ ਭੱਟੀ ਨੇ ਉਹਨਾਂ ਗਰੀਬ ਲੜਕੀਆਂ ਦੀ ਸ਼ਾਦੀ ਕਰਵਾਈ ਅਤੇ ਮੌਕੇ ਤੇ ਉਸ ਕੋਲ ਜੋ ਬਣਦਾ ਸਰਦਾ ਸੀ ਉਹਨਾਂ ਲੜਕੀਆਂ ਦੀ ਝੋਲੀ ਵਿਚ ਪਾਇਆ। ਸੁੰਦਰੀ ਤੇ ਮੁੰਦਰੀ ਦੀ ਸ਼ਾਦੀ ਰਾਤ ਦੇ ਸਮੇਂ ਲੱਕੜਾਂ ਦੀ ਅੱਗ ਬਾਲ ਕੇ ਉਹਨਾਂ ਦੇ ਆਲੇ-ਦੁਆਲੇ ਫੇਰੇ ਕਰਵਾਏ ਤੇ ਇਕ ਬਾਪ ਦੇ ਫਰਜ਼



ਨਿਭਾਉਂਦੇ ਹੋਏ ਦੁੱਲਾ ਭੱਟੀ ਨੇ ਉਹਨਾਂ ਦੋਹਾਂ ਦੀ ਝੋਲੀ ਵਿਚ ਸ਼ੱਕਰ ਪਾਈ। ਇਸ ਸੰਬੰਧ ਵਿਚ ਅੱਜ ਵੀ ਇਕ ਗੀਤ ਪ੍ਰਚਲਿਤ ਹੈ।

ਸੁੰਦਰ ਮੁੰਦਰੀਏ, ਹੋ ਤਿਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ ਦੁੱਲੇ ਨੇ ਧੀ ਵਿਆਹੀ, ਹੋ
ਸੇਰ ਸ਼ੱਕਰ ਪਾਈ, ਹੋ ਕੁੜੀ ਦੇ ਬੋਝੇ ਪਾਈ, ਹੋ
ਕੁੜੀ ਦਾ ਲਾਲ ਪਟਾਕਾ, ਹੋ ਕੁੜੀ ਦਾ ਸ਼ਾਲੂ ਪਾਟਾ, ਹੋ
ਸ਼ਾਲੂ ਕੌਣ ਸਮੇਟੇ, ਹੋ ਚਾਚਾ ਗਾਲੀ ਦੇਸੇ, ਹੋ
ਚਾਚੇ ਚੂਰੀ ਕੁਟੀ, ਹੋ ਜਿਮੀਦਾਰਾਂ ਲੁੱਟੀ, ਹੋ
ਜਿਮੀਦਾਰ ਸਦਾਓ, ਹੋ ਗਿਣ ਗਿਣ ਪੋਲੇ, ਲਾਉ ਹੋ
ਇਕ ਪੋਲਾ ਘਸ ਗਿਆ,
ਜਿਮੀਦਾਰ ਵਹੁਟੀ ਲੈ ਕੇ ਨੱਸ ਗਿਆ ਹੋ ਹੋ ਹੋ ਹੋ ਸ਼ ਸ਼।

ਲੋਹੜੀ ਦੇ ਹੀ ਪਰੰਪਰਾਵਾਦੀ ਗੀਤ ਪ੍ਰਚਲਿਤ ਹਨ ਜਿਵੇਂ -

ਕਮਲਦਾਨ ਵਿਚ ਘਿਉ, ਜੀਵੇ ਮੁੰਡੇ ਦਾ ਪਿਉ।
ਕਮਲਦਾਨ ਵਿਚ ਕਾਂ, ਜੀਵੇ ਮੁੰਡੇ ਦੀ ਮਾਂ।

ਲੜਕੇ ਲੜਕੀਆਂ ਵੀ ਇਸ ਦਿਨ ਲੋਹੜੀ ਮੰਗਦੇ ਹਨ। ਟੋਲੀਆਂ ਬਣਾ ਕੇ ਲੋਹੜੀ ਮੰਗਣ ਦਾ ਆਪਣਾ ਹੀ ਇਕ ਮਜ਼ਾ ਹੈ।

ਲੋਹੜੀ ਦਾ ਤਿਉਹਾਰ ਮੁਕਤਸਰ ਵਿਖੇ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ।

ਲੋਹੜੀ ਦਾ ਤਿਉਹਾਰ ਭਾਰਤ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਵੀ ਧੂੰਮ-ਧਾਮ ਤੇ ਸ਼ਰਧਾ ਨਾਲ ਮਨਾਉਂਦੇ ਹਨ। ਸ਼ਾਲਾ ! ਲੋਹੜੀ ਭਾਰਤ ਨੂੰ ਖੁਸ਼ੀਆਂ, ਸ਼ਾਂਤੀ, ਤਰੱਕੀ, ਭਾਈਚਾਰਾ, ਸਦਭਾਵਨਾ ਅਤੇ ਵੱਖ ਵੱਖ ਧਰਮਾਂ ਦੇ ਖਿੜਦੇ ਤਾਰਿਆਂ ਨੂੰ ਇਕ ਮਾਨਵਤਾ ਦੇ ਅੰਬਰ ਦੇ ਧਾਗੇ ਵਿਚ ਪਰੋ ਕੇ ਰੱਖੇ ਜਿਸ ਨਾਲ ਸਾਂਝੀਵਾਲਤਾ ਦੇ ਰਿਸ਼ਤੇ ਦੀ ਖੁਸ਼ਬੂ ਹਮੇਸ਼ਾ ਆਉਂਦੀ ਰਹੇ।

# ਵਿਗਿਆਨ ਪ੍ਰਸ਼ਨੋਤਰੀ



❑ ਘਮੰਡੀਲਾਲ ਅਗਰਵਾਲ

**ਪ੍ਰਸ਼ਨ –** ਕੁਝ ਦਿਨ ਤੋਂ ਬਾਅਦ ਰਸੋਈ ਗੈਸ ਦਾ ਸਿਲੰਡਰ ਹਲਕਾ ਕਿਉਂ ਪ੍ਰਤੀਤ ਹੁੰਦਾ ਹੈ?

**ਉੱਤਰ –** ਅੱਜ-ਕੱਲ ਘਰਾਂ ਵਿਚ ਭੋਜਨ ਪਕਾਉਣ ਲਈ ਦ੍ਰਵਿਤ ਪੈਟ੍ਰੋਲਿਅਮ ਗੈਸ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੋ ਸਿਲੰਡਰਾਂ ਵਿਚ ਭਰ ਕੇ ਘਰਾਂ ਵਿਚ ਪਹੁੰਚਾਈ ਜਾਂਦੀ ਹੈ। ਦਰਅਸਲ ਭੋਜਨ ਬਨਾਉਣ ਦੇ ਉਦੇਸ਼ ਨਾਲ ਰਸੋਈਘਰਾਂ ਵਿਚ ਪ੍ਰਯੋਗ ਕੀਤੀ ਜਾਣ ਵਾਲੀ ਇਸ ਗੈਸ ਵਿਚ ਪ੍ਰੋਪੇਨ, ਏਥੇਨ, ਬਯੂਟੇਨ ਅਤੇ ਆਈਸੋਬਯੂਟੇਨ ਨਾਂ ਦੀਆਂ ਗੈਸਾਂ ਦਾ ਮਿਸ਼ਰਣ ਹੁੰਦਾ ਹੈ। ਜਿਵੇਂ-ਜਿਵੇਂ ਗੈਸ ਖਰਚ ਹੁੰਦੀ ਜਾਂਦੀ ਹੈ ਤਿਵੇਂ-ਤਿਵੇਂ ਹੀ ਸਿਲੰਡਰ ਦਾ ਭਾਰ ਘੱਟ ਹੋ ਜਾਂਦਾ ਹੈ ਜਿਸ ਨਾਲ ਸਿਲੰਡਰ ਹਲਕਾ ਪ੍ਰਤੀਤ ਹੁੰਦਾ ਹੈ।

**ਪ੍ਰਸ਼ਨ –** ਦੀਵਾਰਾਂ ਉਤੇ ਸਫੇਦੀ ਕਰਦੇ ਸਮੇਂ ਉਸ ਵਿਚ ਨੀਲ ਕਿਉਂ ਮਿਲਾਇਆ ਜਾਂਦਾ ਹੈ?


**ਉੱਤਰ –** ਹਰ ਸਾਲ ਤਿਉਹਾਰ ਆਉਣ ਤੇ ਤੁਸੀਂ ਅਪਣੇ ਘਰ ਵਿਚ ਸਫੇਦੀ ਕਰਵਾ ਕੇ ਦੀਵਾਰਾਂ ਨੂੰ ਜ਼ਰੂਰ ਚਮਕਾਉਂਦੇ ਹੋਵੋਗੇ। ਐਸਾ ਕਿਸ ਲਈ ਕੀਤਾ ਜਾਂਦਾ ਹੈ? ਦਰਅਸਲ ਸਮਾਂ ਬੀਤਣ ਦੇ ਨਾਲ-ਨਾਲ ਸਾਡੇ ਘਰਾਂ ਦੀਆਂ ਦੀਵਾਰਾਂ ਪੀਲੀਆਂ ਪੈਣ ਲੱਗ ਜਾਂਦੀਆਂ ਹਨ। ਪੀਲਾਪਣ ਹਟਾਉਣ ਲਈ ਚੂਨੇ ਵਿਚ ਨੀਲਾ ਰੰਗ ਮਿਲਾ ਦਿਤਾ ਜਾਂਦਾ ਹੈ। ਨੀਲਾ ਰੰਗ ਮਿਲਾ ਦੇਣ ਨਾਲ ਚੂਨਾ ਹੋਰ ਜ਼ਿਆਦਾ ਸਫੇਦ ਹੋ ਜਾਂਦਾ ਹੈ ਜਿਸ ਨਾਲ ਦੀਵਾਰਾਂ ਹੋਰ ਵੀ ਚਮਕਦਾਰ ਅਤੇ ਸਫੇਦ ਦਿਖਾਈ ਦਿੰਦੀਆਂ ਹਨ।

**ਪ੍ਰਸ਼ਨ –** ਜੇਕਰ ਪਾਣੀ ਵਿਚ ਪਹਿਲਾਂ ਬਰਫ ਪਾਕੇ ਚੀਨੀ ਘੋਲੀਏ ਤਾਂ ਚੀਨੀ ਦੇਰ ਨਾਲ ਕਿਉਂ ਘੁਲਦੀ ਹੈ?

**ਉੱਤਰ –** ਦਰਅਸਲ ਕਿਸੇ ਵੀ ਠੋਸ ਵਸਤੂ ਦੀ ਘੁੱਲਣ ਦੀ ਸ਼ਕਤੀ ਤਾਪ ਤੇ ਨਿਰਭਰ ਕਰਦੀ ਹੈ। ਪਾਣੀ ਵਿਚ ਬਰਫ ਪਾ ਦੇਣ ਨਾਲ ਤਾਪ ਘੱਟ ਹੋ ਜਾਂਦਾ ਹੈ ਜਿਸ ਨਾਲ ਪਾਣੀ ਦੀ ਘੁਲਣਸ਼ਕਤੀ ਵੀ ਘੱਟ ਹੋ ਜਾਂਦੀ ਹੈ। ਇਹੀ ਕਾਰਣ ਹੈ ਕਿ ਪਾਣੀ ਵਿਚ ਪਹਿਲਾਂ ਬਰਫ ਪਾਕੇ ਬਾਦ ਵਿਚ ਚੀਨੀ ਮਿਲਾਈ ਜਾਵੇ ਤਾਂ ਚੀਨੀ ਦੇਰ ਵਿਚ ਘੁਲਦੀ ਹੈ। ਇਸ ਸਥਿਤੀ ਤੋਂ ਬਚਣ ਲਈ ਤੁਹਾਨੂੰ ਇਹ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਸ਼ਰਬਤ ਬਨਾਉਣ ਲਈ ਪਾਣੀ ਵਿਚ ਪਹਿਲਾਂ ਚੀਨੀ ਮਿਲਾ ਕੇ ਬਾਦ ਵਿਚ ਬਰਫ ਪਾਣੀ ਚਾਹੀਦੀ ਹੈ।

**ਪ੍ਰਸ਼ਨ –** ਜੇਕਰ ਗਮਲਿਆਂ ਵਿਚ ਜ਼ਿਆਦਾ ਪਾਣੀ ਪਾ ਦਿੱਤਾ ਜਾਵੇ ਤਾਂ ਪੌਦੇ ਕਿਉਂ ਮਰ ਜਾਂਦੇ ਹਨ?

**ਉੱਤਰ –** ਤੁਸੀਂ ਆਪਣੇ ਘਰਾਂ ਵਿਚ ਪੌਦੇ ਲਗਾਉਣ ਲਈ ਖ਼ੂਬਸੂਰਤ ਗਮਲਿਆਂ ਦਾ ਪ੍ਰਯੋਗ ਜ਼ਰੂਰ ਕਰਦੇ ਹੋਵੋਗੇ। ਗਮਲਿਆਂ ਵਿਚ ਪੌਦੇ ਲਗਾਉਣ ਲਈ ਉਸ ਵਿਚ ਮਿੱਟੀ ਰਖਣੀ ਬਹੁਤ ਜ਼ਰੂਰੀ ਹੈ। ਇਸ ਮਿੱਟੀ ਵਿਚ ਹਵਾ ਭਰੀ ਰਹਿੰਦੀ ਹੈ। ਜੇਕਰ ਗਮਲੇ ਵਿਚ ਜ਼ਰੂਰਤ ਤੋਂ ਜ਼ਿਆਦਾ ਪਾਣੀ ਪਾ ਦਿੱਤਾ ਜਾਵੇ ਤਾਂ ਮਿੱਟੀ ਵਿਚਲੀ ਹਵਾ ਦੀ ਜਗ੍ਹਾ ਪਾਣੀ ਲੈ ਲੈਂਦਾ ਹੈ। ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਵਾਯੂ ਸਭ ਜੀਵਧਾਰੀਆਂ ਦੇ ਲਈ ਕਿੰਨੀ ਜਰੂਰੀ ਹੁੰਦੀ ਹੈ। ਇਸ ਲਈ ਜਦ ਪੌਦਿਆਂ ਨੂੰ ਸਾਹ ਲੈਣ ਲਈ ਵਾਯੂ ਨਹੀਂ ਮਿਲਦੀ ਤਾਂ ਉਹ ਮਰ ਜਾਂਦੇ ਹਨ।



ਬਾਲ ਕਵਿਤਾ - ਭੁਪਿੰਦਰ ਸਿੰਘ ਆਸ਼ਟ

# ਮੇਰਾ ਸਕੂਲ



**ਮੇਰਾ ਸਕੂਲ ਬੜਾ ਪਿਆਰਾ,**
ਜਾਪੇ ਅੰਬਰ ਦਾ ਕੋਈ ਤਾਰਾ।
ਮੇਰੇ ਘਰ ਤੋਂ ਦੂਰ ਨਾ ਜਿਆਦਾ,
ਮੈਨੂੰ ਪਤਾ ਹੈ ਇਸ ਦੇ ਰਾਹ ਦਾ।

ਪਿੰਡਾਂ ਤੋਂ ਕਈ ਬੱਚੇ ਆਉਂਦੇ,
ਇਥੇ ਦਾਤ ਵਿਦਿਆ ਦੀ ਪਾਉਂਦੇ।
ਰੁੱਖ ਨੇ ਇਸ ਵਿਚ ਬੇਸ਼ੁਮਾਰ,
ਹਰ ਕਮਰਾ ਹੈ ਹਵਾਦਾਰ।

ਸਕੂਲ ਦੇ ਸਭ ਟੀਚਰ ਸਾਹਿਬਾਨ,
ਬੱਚਿਆਂ ਤਾਈਂ ਵੰਡਣ ਗਿਆਨ।
ਸਤਿਕਾਰਯੋਗ ਹਨ ਪ੍ਰਿੰਸੀਪਲ ਜੀ,
ਹਰ ਔਕੜ ਦਾ ਕਰਦੇ ਹੱਲ ਜੀ।

ਸਕੂਲ ਮੇਰੇ ਦੀ ਬਗੀਚੀ ਪਿਆਰੀ,
ਮਾਲੀ ਮਿਹਨਤ ਨਾਲ ਸੰਵਾਰੀ।
ਵੇਖ ਕੇ ਆਏ ਬੜਾ ਨਜ਼ਾਰਾ,
ਮੇਰਾ ਸਕੂਲ ਬੜਾ ਪਿਆਰਾ।



# ਸੋਨਮ

❑ ਸਾਬਿਰ ਹੁਸੈਨ

ਸੋਨਮ ਆਪਣੀ ਸਹੇਲੀ ਪੂਜਾ ਦੇ ਨਾਲ ਜਿਵੇਂ ਹੀ ਘਰ ਤੋਂ ਬਾਹਰ ਆਈ, ਰਾਜਨ ਬਿਸਾਖੀ ਦੇ ਸਹਾਰੇ ਚਲਦਾ ਹੋਇਆ ਉਸ ਦੇ ਕੋਲ ਆ ਗਿਆ। ਉਹ ਸ਼ਾਇਦ ਉਸ ਦਾ ਇੰਤਜ਼ਾਰ ਕਰ ਰਿਹਾ ਸੀ।

ਦੀਦੀ-ਦੀਦੀ ਚਾਕਲੇਟ ਲਓ – ਰਾਜਨ ਨੇ ਕਿਹਾ।

ਕੀ ਹਰ ਸਮੇਂ ਦੀਦੀ-ਦੀਦੀ ਕਰਦਾ ਰਹਿੰਦਾ ਹੈ। ਜਾ ਮੈਂ ਚਾਕਲੇਟ ਨਹੀਂ ਲੈਣੀ। ਹਰ ਸਮੇਂ ਪਰੇਸ਼ਾਨ ਕਰਦਾ ਰਹਿੰਦਾ ਹੈ – ਸੋਨਮ ਨੇ ਕਿਹਾ।

ਰਾਜਨ ਉਸ ਨੂੰ ਵੇਖਦਾ ਰਹਿ ਗਿਆ। ਅਪਮਾਨ ਨਾਲ ਉਸ ਦੀਆਂ ਅੱਖਾਂ ਵਿਚੋਂ ਹੰਝੂ ਆ ਗਏ। ਉਹ ਬਿਸਾਖੀ ਦੇ ਸਹਾਰੇ ਚਲਦਾ ਹੋਇਆ ਆਪਣੇ ਘਰ ਦੇ ਦਰਵਾਜ਼ੇ ਅਗੇ ਬੈਠ ਗਿਆ ਜਿਥੇ ਉਸ ਦੀ ਟੌਫ਼ੀ, ਚਾਕਲੇਟ, ਬਿਸਕੁਟ ਆਦਿ ਦੀ ਦੁਕਾਨ ਲੱਗੀ ਹੋਈ ਸੀ।

ਰਾਜਨ ਨੂੰ ਪੋਲੀਓ ਹੋ ਗਿਆ ਸੀ। ਉਸ ਦਾ ਇਕ ਪੈਰ ਬੇਕਾਰ ਹੈ, ਉਹ ਬਿਸਾਖੀ ਦੇ ਸਹਾਰੇ ਚਲਦਾ ਹੈ। ਸਕੂਲ ਤੋਂ ਆ ਕੇ ਉਹ ਆਪਣੀ ਨਿੱਕੀ ਜਿਹੀ ਦੁਕਾਨ ਲਾ ਲੈਂਦਾ ਹੈ ਅਤੇ ਉਥੇ ਹੀ ਪੜ੍ਹਦਾ ਰਹਿੰਦਾ ਹੈ।

ਰਾਜਨ ਦੇ ਪਿਤਾ ਪਿਛਲੇ ਸਾਲ ਇਕ ਸੜਕ ਹਾਦਸੇ ਵਿਚ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ। ਪਿਤਾ ਦੇ ਇਲਾਜ ਵਿਚ ਉਹਨਾਂ ਦੀ ਦੁਕਾਨ ਵੀ ਖਤਮ ਹੋ ਗਈ ਸੀ। ਅੰਤ ਵਿਚ ਉਸਦੇ ਪਿਤਾ ਦੀ ਮੌਤ ਹੋ ਗਈ। ਰਾਜਨ ਅਤੇ ਉਸ ਦੀ ਮਾਂ ਉਤੇ ਮੁਸੀਬਤਾਂ ਦਾ ਪਹਾੜ ਟੁੱਟ ਗਿਆ। ਇਸ ਤਰ੍ਹਾਂ ਦੇ ਬੁਰੇ ਸਮੇਂ ਵਿਚ ਰਾਜਨ ਦੇ ਪਿਤਾ ਦੇ ਦੋਸਤ ਨੇ ਉਹਨਾਂ ਨੂੰ ਬਹੁਤ ਸਹਾਰਾ ਦਿੱਤਾ ਸੀ। ਰਾਜਨ ਦੀ ਮੰਮੀ ਸਿਲਾਈ ਜਾਣਦੀ ਸੀ। ਉਹਨਾਂ ਨੇ ਸਿਲਾਈ ਮਸ਼ੀਨਾਂ ਲੈ ਕੇ ਦਿੱਤੀਆਂ ਅਤੇ ਸਿਲਾਈ ਦੀ ਦੁਕਾਨ ਖੁਲਵਾ ਦਿੱਤੀ। ਉਹਨਾਂ ਦਾ ਖਰਚ ਆਸਾਨੀ ਨਾਲ ਚੱਲਣ ਲੱਗਾ।

ਕੌਣ ਹੈ ਇਹ ? ਸੋਨਮ ਦੇ ਨਾਲ ਖੜੀ ਪੂਜਾ ਨੇ ਪੁੱਛਿਆ।

ਸਾਡੇ ਘਰ ਦੇ ਸਾਹਮਣੇ ਹੀ ਇਸ ਦਾ ਘਰ ਹੈ। ਇਹ ਉਥੇ ਹੀ ਚਾਕਲੇਟ, ਬਿਸਕੁਟ ਆਦਿ ਦੀ ਦੁਕਾਨ ਲਾਉਂਦਾ ਹੈ। ਮੰਮੀ ਥੋੜਾ ਪਿਆਰ ਨਾਲ ਬੋਲ ਲੈਂਦੀ ਹੈ। ਇਹ ਲੰਗੜਾ ਤਾਂ ਮੇਰਾ ਭਰਾ ਹੀ ਬਣ ਬੈਠਾ ਹੈ। – ਮੂੰਹ ਬਣਾਉਂਦੇ ਹੋਏ ਸੋਨਮ ਨੇ ਕਿਹਾ।

ਇਸ ਤਰ੍ਹਾਂ ਦੇ ਸ਼ਬਦ ਇਸਤੇਮਾਲ ਨਾ ਕਰ ਸੋਨਮ, ਉਹ ਬੜੇ ਪਿਆਰ ਨਾਲ ਚਾਕਲੇਟ ਦੇ ਰਿਹਾ ਸੀ – ਪੂਜਾ ਨੇ ਕਿਹਾ।

ਚਾਕਲੇਟ ਮੈਨੂੰ ਦਿੰਦਾ ਹੈ ਅਤੇ ਮੰਮੀ ਉਸ ਨੂੰ ਪੈਸੇ ਦੇ ਦਿੰਦੀ ਹੈ – ਸੋਨਮ ਨੇ ਕਿਹਾ।

ਸੋਨਮ ਦੇ ਪਿਤਾ ਇਕ ਉਚ ਅਧਿਕਾਰੀ ਹਨ। ਇਸ ਗੱਲ ਦਾ ਸੋਨਮ ਨੂੰ ਬਹੁਤ ਹੰਕਾਰ ਹੈ। ਉਸ ਨੂੰ ਜਦ ਮੌਕਾ ਮਿਲਦਾ ਹੈ ਉਹ ਸਭ ਨੂੰ ਦੱਸਣ ਲੱਗ ਜਾਂਦੀ ਹੈ ਕਿ ਉਹ ਇਕ ਅਧਿਕਾਰੀ ਦੀ ਕੁੜੀ ਹੈ। ਉਹ ਸਕੂਲ

ਵਿਚ ਵੀ ਕੁਝ ਹੀ ਕੁੜੀਆਂ ਨਾਲ ਗੱਲ ਕਰਦੀ ਹੈ। ਰਾਜਨ ਤੋਂ ਤਾਂ ਉਹ ਬਹੁਤ ਚਿੜ੍ਹਦੀ ਹੈ। ਪਹਿਲਾਂ ਰਾਜਨ ਉਸ ਦੇ ਘਰ ਵਿਚ ਵੀ ਚਲਾ ਜਾਂਦਾ ਸੀ।

ਇਕ ਦਿਨ ਉਸ ਦੀ ਮੰਮੀ ਘਰ ਨਹੀਂ ਸੀ। ਰਾਜਨ ਉਸ ਦੇ ਘਰ ਆ ਗਿਆ ਤਾਂ ਸੋਨਮ ਨੇ ਉਸ ਨੂੰ ਭਜਾ ਦਿਤਾ। ਉਸ ਦਿਨ ਤੋਂ ਉਹ ਉਸ ਦੇ ਘਰ ਨਹੀਂ ਜਾਂਦਾ। ਪਿਛਲੇ ਦਿਨਾਂ ਵਿਚ ਸੋਨਮ ਬੀਮਾਰ ਹੋ ਗਈ ਸੀ। ਰਾਜਨ ਉਸ ਦੇ ਘਰ ਆਇਆ ਅਤੇ ਉਸ ਨਾਲ ਗੱਲਾਂ ਕਰਦਾ ਰਿਹਾ। ਉਸ ਸਮੇਂ ਰਾਜਨ ਦਾ ਆਉਣਾ ਉਸ ਨੂੰ ਚੰਗਾ ਲੱਗਿਆ। ਉਸ ਨੇ ਖੁਦ ਕਹਿ ਦਿਤਾ ਕਿ ਛੁੱਟੀ ਤੋਂ ਬਾਅਦ ਉਹ ਉਸ ਦੇ ਕੋਲ ਆ ਜਾਇਆ ਕਰੇ। ਜਦ ਤਕ ਸੋਨਮ ਬੀਮਾਰ ਰਹੀ, ਰਾਜਨ ਉਸ ਦੇ ਕੋਲ ਆਉਂਦਾ ਰਿਹਾ। ਸੋਨਮ ਠੀਕ ਹੋ ਗਈ ਸੀ ਅਤੇ ਅੱਜ ਉਹ ਸਕੂਲ ਜਾ ਰਹੀ ਸੀ।

ਸੋਨਮ ਪੂਜਾ ਦੇ ਨਾਲ ਚਲ ਰਹੀ ਸੀ। ਤਦ ਹੀ ਇਕ ਮਰੂਤੀ ਵੈਨ ਉਹਨਾਂ ਦੇ ਕੋਲ ਆ ਕੇ ਰੁਕੀ। ਦੋ ਤਿੰਨ ਆਦਮੀ ਵੈਨ ਵਿਚੋਂ ਨਿਕਲੇ ਅਤੇ ਸੋਨਮ ਨੂੰ ਵੈਨ ਦੇ ਅੰਦਰ ਘਸੀਟ ਕੇ ਲੈ ਗਏ।

ਇਹ ਵੇਖ ਕੇ ਪੂਜਾ ਜ਼ੋਰ-ਜ਼ੋਰ ਦੀ ਚੀਕਣ ਲੱਗੀ। ਰਾਜਨ ਨੇ ਵੇਖਿਆ ਕਿ ਸੋਨਮ ਨੂੰ ਬਦਮਾਸ਼ ਮਾਰੂਤੀ ਵੈਨ ਵਿਚ ਲੈ ਕੇ ਜਾ ਰਹੇ ਹਨ। ਰਾਜਨ ਨੇ ਜਲਦੀ ਨਾਲ ਵੈਨ ਦਾ ਨੰਬਰ ਆਪਣੀ ਹਥੇਲੀ ਉਤੇ ਲਿਖ ਲਿਆ। ਰਾਜਨ ਨੇ ਵੇਖਿਆ ਕਿ ਸ਼ੋਰ ਸੁਣ ਕੇ ਉਥੇ ਬਹੁਤ ਸਾਰੇ ਲੋਕ ਆ ਗਏ ਸਨ।

ਗੱਡੀ ਦਾ ਨੰਬਰ ਕੀ ਸੀ? – ਲੋਕ ਪੂਜਾ ਨੂੰ ਪੁੱਛਣ ਲੱਗੇ। ਮੈਂ ਨੰਬਰ ਨਹੀਂ ਵੇਖ ਸਕੀ – ਪੂਜਾ ਨੇ ਕਿਹਾ।

ਮੈਨੂੰ ਪਤਾ ਹੈ ਗੱਡੀ ਦਾ ਨੰਬਰ – ਰਾਜਨ ਨੇ ਕਿਹਾ।

ਇਹ ਚੰਗਾ ਕੀਤਾ। ਤੂੰ ਵੈਨ ਦਾ ਨੰਬਰ ਨੋਟ ਕਰ ਲਿਆ। ਇਹ ਕਹਿੰਦੇ ਹੋਏ ਸੁਰਜੀਤ ਅੰਕਲ ਨੇ ਆਪਣਾ ਮੋਬਾਈਲ ਕੱਢਿਆ ਅਤੇ ਪੁਲਿਸ ਨੂੰ ਫੋਨ ਕਰ ਦਿੱਤਾ ਅਤੇ ਅਪਹਰਣਕਰਤਾ ਦੀ ਵੈਨ ਦਾ ਨੰਬਰ ਵੀ ਦੱਸ ਦਿਤਾ।

ਫੋਨ ਮਿਲਦੇ ਹੀ ਪੁਲਿਸ ਨੇ ਸਭ ਜਗ੍ਹਾ ਸੂਚਨਾ ਦੇ ਦਿੱਤੀ ਕਿ ਇਕ ਕੁੜੀ ਦਾ ਅਪਹਰਣ ਹੋ ਗਿਆ ਹੈ। ਗੱਡੀ ਦਾ ਨੰਬਰ ਵੀ ਦੱਸ ਦਿੱਤਾ। ਕੁਝ ਹੀ ਦੇਰ ਵਿਚ ਪੁਲਿਸ ਨੇ ਵੈਨ ਨੂੰ ਫੜ ਲਿਆ। ਅਪਹਰਣਕਰਤਾ ਫੜੇ ਗਏ।

ਸੋਨਮ ਦੇ ਮੰਮੀ-ਪਾਪਾ ਨੂੰ ਪਤਾ ਲਗਾ ਕਿ ਰਾਜਨ ਦੀ ਹੋਸ਼ਿਆਰੀ ਦੇ ਕਾਰਣ ਸੋਨਮ ਦਾ ਅਪਹਰਣ ਹੋਣ ਤੋਂ ਬਚ ਗਿਆ ਅਤੇ ਅਪਰਾਧੀ ਵੀ ਫੜੇ ਗਏ ਤਾਂ ਉਹ ਰਾਜਨ ਕੋਲ ਪਹੁੰਚ ਗਏ।

ਪੁੱਤਰ, ਤੂੰ ਸਾਡੇ ਉਤੇ ਬੜਾ ਉਪਕਾਰ ਕੀਤਾ ਹੈ। – ਸੋਨਮ ਦੇ ਪਾਪਾ ਬੋਲੇ।

ਭਰਾ ਨੇ ਆਪਣੀ ਭੈਣ ਨੂੰ ਬਚਾਇਆ। ਇਸ ਵਿਚ ਉਪਕਾਰ ਕਿਸ ਚੀਜ਼ ਦਾ? ਇਹ ਤਾਂ ਮੇਰਾ ਫਰਜ਼ ਸੀ। – ਰਾਜਨ ਨੇ ਕਿਹਾ।

ਸੋਨਮ ਚੁਪਚਾਪ ਖੜੀ ਪਛਤਾਵੇ ਦੇ ਹੰਝੂ ਵਹਾ ਰਹੀ ਸੀ ਕਿ ਜਿਸ ਨੂੰ ਉਹ ਅਪਮਾਨਿਤ ਕਰਦੀ ਰਹੀ ਉਸ ਨੇ ਹੀ ਉਸ ਦੀ ਜਾਨ ਬਚਾਈ। ■



❑ ਪ੍ਰੋਫੈਸਰ ਸੀ.ਡੀ.ਵਰਮਾ

# ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦੀ ਕਹਾਣੀ

ਸਾਨੂੰ ਆਪਣੀ ਆਜਾਦੀ ਵਿਚ ਦੇਸ਼ ਭਗਤਾਂ ਦੇ ਯੋਗਦਾਨ ਨੂੰ ਯਾਦ ਰੱਖਣਾ ਚਾਹੀਦਾ ਹੈ। ਉਹਨਾਂ ਨੇ ਦੇਸ਼ ਦੀ ਸੇਵਾ ਵਿਚ ਆਪਣੇ ਜੀਵਨ ਦਾ ਬਲੀਦਾਨ ਦਿੱਤਾ ਤਾਕਿ ਅਸੀਂ ਆਜ਼ਾਦੀ ਨਾਲ ਰਹਿ ਸਕੀਏ।

ਅੱਜ ਮੈਂ ਆਜਾਦੀ ਦੇ ਦੋ ਮਹੱਤਵਪੂਰਣ ਨਾਇਕਾਂ ਨੂੰ ਯਾਦ ਕਰਦਾ ਹਾਂ। ਉੱਤਰੀ ਭਾਰਤ ਦੇ ਸ਼ਾਮ ਲਾਲ ਗੁਪਤ ਅਤੇ ਦੱਖਣੀ ਭਾਰਤ ਦੇ ਪੀ. ਵੇਂਕੈਆ। ਸ਼ਾਇਦ ਕਈ ਲੋਕ ਉਹਨਾਂ ਦੇ ਬਾਰੇ ਨਹੀਂ ਜਾਣਦੇ। ਉਹ ਸ਼ਾਮ ਲਾਲ ਗੁਪਤਾ ਹੀ ਸਨ ਜਿਨ੍ਹਾਂ ਨੇ ਪ੍ਰਸਿਧ ਗੀਤ 'ਝੰਡਾ ਊਚਾ ਰਹੇ ਹਮਾਰਾ' ਲਿਖਿਆ ਸੀ। ਅੱਜ ਵੀ ਇਹ ਗੀਤ ਰਾਸ਼ਟਰੀ ਏਕਤਾ ਦਾ ਪ੍ਰਤੀਕ ਹੈ ਅਤੇ ਰਾਸ਼ਟਰੀ ਅਵਸਰਾਂ ਉਤੇ ਸਮੂਹ ਗਾਨ ਦੇ ਰੂਪ ਵਿਚ ਗਾਇਆ ਜਾਂਦਾ ਹੈ। ਪੀ.ਵੇਂਕੈਆ ਨੇ ਤਿਰੰਗਾ ਡਿਜਾਈਨ ਕੀਤਾ ਸੀ ਜੋ ਅੱਜ ਸਾਡਾ ਝੰਡਾ ਹੈ।



ਸ਼ਾਮ ਲਾਲ ਗੁਪਤ ਪੁੱਤਰ ਵਿਸ਼ਵੇਸ਼ਵਰ ਗੁਪਤ ਦਾ ਜਨਮ 1893 ਵਿਚ ਉਤਰ ਪ੍ਰਦੇਸ਼ ਦੇ ਕਾਨਪੁਰ ਜਿਲੇ ਦੇ ਨਾਰਵਾਲ ਪਿੰਡ ਵਿਚ ਹੋਇਆ ਸੀ। ਆਪਣੀ ਸਿਖਿਆ ਪੂਰੀ ਕਰਨ ਤੋਂ ਬਾਅਦ ਉਹਨਾਂ ਨੇ ਇਕ ਮਾਸਿਕ ਪੱਤਰਕਾ 'ਸਚਿਵ' ਦੀ ਸ਼ੁਰੂਆਤ ਕੀਤੀ। ਇਸ ਪੱਤਰਕਾ ਦੇ ਮਾਧਿਅਮ ਨਾਲ ਉਹ ਗਣੇਸ਼ ਸ਼ੰਕਰ ਵਿਦਿਆਰਥੀ ਦੇ ਸੰਪਰਕ ਵਿਚ ਆਏ ਸਨ। ਉਹਨਾਂ ਦੇ ਕਹਿਣ ਤੇ ਉਹ ਕਾਂਗਰਸ ਪਾਰਟੀ ਵਿਚ ਸ਼ਾਮਿਲ ਹੋ ਗਏ ਅਤੇ ਅੰਤ ਵਿਚ 1920 ਵਿਚ ਫਤਹਿਪੁਰ ਜਿਲਾ ਕਾਂਗਰਸ ਸਮਿਤੀ ਦੇ ਅਧਿਅਕਸ਼ ਬਣ ਗਏ ਅਤੇ ਮਹਾਤਮਾ ਗਾਂਧੀ ਦੇ ਭਾਰਤੀ ਰਾਸ਼ਟਰੀ ਅੰਦੋਲਨ ਵਿਚ ਸ਼ਾਮਿਲ ਹੋ ਗਏ।

ਉਸ ਵੇਲ਼ੇ ਕਾਂਗਰਸ ਨੇ ਤਿਰੰਗੇ ਨੂੰ ਰਾਸ਼ਟਰੀ ਝੰਡੇ ਦਾ ਡਿਜਾਈਨ ਪ੍ਰਵਾਨ ਕਰ ਲਿਆ ਸੀ। ਹੁਣ ਇਕ ਰਾਸ਼ਟਰੀ ਗੀਤ ਦੀ ਲੋੜ ਸੀ ਜੋ ਭਾਰਤ ਦੇ ਲੱਖਾਂ ਲੋਕਾਂ ਦੇ ਦਿਲ ਅਤੇ ਦਿਮਾਗ ਨੂੰ ਪ੍ਰੇਰਿਤ ਕਰ ਸਕੇ। ਸ਼ਾਮ ਲਾਲ ਦੇਸ਼ ਭਗਤੀ ਦੀ ਲੌਅ ਨਾਲ ਐਨੇ ਭਰੇ ਹੋਏ ਸਨ ਕਿ ਉਹਨਾਂ ਰਾਸ਼ਟਰੀ ਗੀਤ ਕੇਵਲ ਇਕ ਰਾਤ ਵਿਚ ਹੀ ਲਿਖ ਲਿਆ ਅਤੇ ਇਸ ਤਰ੍ਹਾਂ ਰਾਸ਼ਟਰੀ ਗੀਤ 'ਝੰਡਾ ਊਚਾ ਰਹੇ ਹਮਾਰਾ' ਦਾ ਜਨਮ ਹੋਇਆ। ਮਹਾਤਮਾ ਗਾਂਧੀ ਦੇ



ਨਿਰਦੇਸ਼ ਤੇ ਇਹ ਗੀਤ 1938 ਵਿਚ ਹਰੀਪੁਰ ਵਿਚ ਸਮੂਹ ਗਾਨ ਦੇ ਰੂਪ ਚ ਗਾਇਆ ਗਿਆ। ਇਸ ਸਮੇਂ ਸੁਭਾਸ਼ ਚੰਦਰ ਬੋਸ ਨੇ ਰਾਸ਼ਟਰੀ ਝੰਡਾ ਫਹਿਰਾਇਆ ਸੀ। 1967 ਵਿਚ ਪ੍ਰਧਾਨਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਲਾਲ ਕਿਲੇ ਦੇ ਇਕ ਸਮਾਰੋਹ ਵਿਚ ਸ਼ਾਮ ਲਾਲ ਗੁਪਤ ਨੂੰ ਤਾਮਰ ਪੱਤਰ ਪ੍ਰਦਾਨ ਕਰ ਕੇ ਸਨਮਾਨਿਤ ਕੀਤਾ ਸੀ।

ਤਿਰੰਗਾ ਸਾਡਾ ਰਾਸ਼ਟਰੀ ਝੰਡਾ, ਸਾਡੀ ਸੁਤੰਤਰਤਾ, ਸਾਡੀ ਦੇਸ਼ਭਗਤੀ, ਸਾਡੇ ਗੌਰਵ ਦਾ ਪ੍ਰਤੀਕ ਹੈ ਪਰ ਅਸੀਂ ਉਸ ਵਿਅਕਤੀ ਤੋਂ ਬੇਖਬਰ ਹਾਂ ਜਿਸ ਨੇ ਰਾਸ਼ਟਰੀ ਝੰਡਾ ਬਣਾਇਆ ਹੈ। ਉਹ ਮਾਸੁਲੀਪਟਨਮ, ਆਂਧਰ ਪਰਦੇਸ਼ ਦੇ ਪੀ.ਵੈਂਕੈਆ ਸਨ। 1918 ਵਿਚ ਉਹਨਾਂ ਨੇ ਰਾਸ਼ਟਰੀ ਝੰਡੇ ਦੇ ਵਿਚਾਰ ਦੀ ਕਲਪਨਾ ਕੀਤੀ ਅਤੇ ਇਕ ਡਿਜਾਈਨ ਤਿਆਰ ਕਰਨ ਵਿਚ ਤਿੰਨ ਸਾਲ ਲਗਾਏ। 1921 ਵਿਚ ਜਦੋਂ ਉਹਨਾਂ ਨੇ ਮਹਾਤਮਾ ਗਾਂਧੀ ਨੂੰ ਰਾਸ਼ਟਰੀ ਝੰਡੇ ਦਾ ਡਿਜਾਈਨ ਦਿਖਾਇਆ ਤਾਂ ਉਹਨਾਂ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਮਹਾਤਮਾ ਗਾਂਧੀ ਡਿਜਾਇਨ ਅਤੇ ਰੰਗ ਇਹੋ ਜਿਹਾ ਚਾਹੁੰਦੇ ਸਨ ਜੋ ਏਕਤਾ, ਅਹਿੰਸਾ ਅਤੇ ਸਾਮਾਜਿਕ ਸਦਭਾਵ ਦੀ ਪ੍ਰਤੀਨਿਧਤਾ ਕਰੇ। ਲਾਲਾ ਹੰਸਰਾਜ ਜੋ ਉੱਤਰ ਭਾਰਤ ਦੇ ਮਹਾਨ ਕ੍ਰਾਂਤੀਕਾਰੀ ਅਤੇ ਡੀ ਏ ਵੀ ਕਾਲਜ ਲਾਹੌਰ ਦੇ ਪ੍ਰਿੰਸੀਪਲ ਸਨ, ਨੇ ਸਲਾਹ ਦਿੱਤੀ ਕਿ ਰਾਸ਼ਟਰੀ ਝੰਡੇ ਵਿਚ ਉਸ ਉਤੇ ਇਕ ਪ੍ਰਤੀਕ ਦੇ ਰੂਪ ਵਿਚ ਚਰਖਾ ਹੋਣਾ ਚਾਹੀਦਾ ਹੈ।

ਪੀ.ਵੈਂਕੈਆ ਰਾਸ਼ਟਰੀ ਝੰਡੇ ਦਾ ਇਕ ਦੂਸਰਾ ਡਿਜਾਈਨ ਲੈ ਕੇ ਆਏ ਜਿਸ ਵਿਚ ਲਾਲ, ਹਰੇ ਅਤੇ ਸਫੇਦ ਰੰਗ ਦੀਆਂ ਤਿੰਨ ਧਾਰੀਆਂ ਸਨ ਅਤੇ ਚਰਖਾ ਸਾਰੀਆਂ ਤਿੰਨਾਂ ਧਾਰੀਆਂ ਨੂੰ ਕਵਰ ਕਰਦਾ ਸੀ। ਮਹਾਤਮਾ ਗਾਂਧੀ ਨੇ ਰੰਗਾਂ ਦਾ ਕ੍ਰਮ ਬਦਲ ਦਿਤਾ। ਸਭ ਤੋਂ ਉਤੇ ਚਿੱਟਾ, ਵਿਚਕਾਰ ਹਰਾ ਅਤੇ ਥੱਲੇ ਲਾਲ ਰੰਗ।

ਅਹਿਮਦਾਬਾਦ ਵਿਚ 1929 ਵਿਚ ਸਭ ਤੋਂ ਉਤੇ ਕੇਸਰੀ ਰੰਗ, ਵਿਚਕਾਰ ਚਿੱਟਾ ਅਤੇ ਥੱਲੇ ਹਰੇ ਨੂੰ ਲਾਇਆ ਗਿਆ। ਹਾਲਾਂਕਿ ਚਰਖਾ ਬਣਿਆ ਹੋਇਆ ਸੀ ਪਰ ਚਿੱਟੀ ਪੱਟੀ ਤੇ ਰੱਖਿਆ ਗਿਆ।

ਜਦੋਂ ਭਾਰਤ ਨੂੰ 1947 ਵਿਚ ਆਜਾਦੀ ਮਿਲੀ ਤਾਂ ਤਿਰੰਗੇ ਨੂੰ ਹੋਰ ਸੰਸ਼ੋਧਿਤ ਕੀਤਾ ਗਿਆ। ਚਰਖੇ ਦੀ ਥਾਂ ਅਸ਼ੋਕ ਚੱਕਰ ਨੇ ਲੈ ਲਈ। ਅਸ਼ੋਕ ਚੱਕਰ ਨੂੰ ਚਰਖੇ ਦੀ ਥਾਂ ਸਹੀ ਰੂਪ ਵਿਚ ਚੁਣਿਆ ਗਿਆ ਸੀ ਕਿਉਂਕਿ ਸ਼ਾਂਤੀ ਦੂਤ ਸਮਰਾਟ ਅਸ਼ੋਕ ਸ਼ਾਂਤੀ ਦਾ ਪ੍ਰਤੀਕ ਹੈ। ਉਹ ਇਕ ਐਸਾ ਸ਼ਾਸਕ ਸੀ ਜਿਸ ਨੇ ਰਾਜਗੱਦੀ ਛੱਡ ਦਿੱਤੀ ਸੀ ਅਤੇ ਇਕ ਭਿਕਸ਼ੂ ਬਣ ਗਿਆ ਸੀ। ਉਹ ਭਾਈਚਾਰੇ ਵਿਚ ਵਿਸ਼ਵਾਸ ਰੱਖਦਾ ਸੀ।

ਰਾਸ਼ਟਰੀ ਝੰਡਾ ਸਾਡਾ ਸਾਰਿਆਂ ਦਾ ਝੰਡਾ ਹੈ। ਤਿਰੰਗੇ ਦੇ ਰੰਗ, ਭਾਰਤ ਦੇ ਸਾਰੇ ਸਮੁਦਾਏ ਅਤੇ ਖੇਤਰਾਂ ਨੂੰ ਪਰਿਭਾਸ਼ਿਤ ਕਰਦੇ ਹਨ। ਕੇਸਰੀ ਅਧਿਆਤਮਿਕ ਹੈ, ਹਰਾ ਖੁਸ਼ਹਾਲੀ ਅਤੇ ਚਿੱਟਾ ਸ਼ਾਂਤੀ ਦਾ ਪ੍ਰਤੀਕ ਹੈ। ਇਸ ਨੂੰ ਰਾਸ਼ਟਰੀ ਗੌਰਵ ਦੇ ਪ੍ਰਤੀਕ ਦੇ ਰੂਪ ਵਿਚ ਲਾਲ ਕਿਲੇ ਤੋਂ ਹਰ ਸਾਲ ਫਹਿਰਾਇਆ ਜਾਂਦਾ ਹੈ।

# ਹਾਸਾ ਖੇਡਾ

ਇਕ ਕਾਰ ਬੜੀ ਤੇਜ਼ ਰਫਤਾਰ ਨਾਲ ਜਾ ਰਹੀ ਸੀ। ਰਸਤੇ ਵਿਚ ਇਕ ਤੋਤਾ ਕਾਰ ਨਾਲ ਟਕਰਾ ਕੇ ਡਿਗ ਪਿਆ ਤੇ ਬੇਹੋਸ਼ ਹੋ ਗਿਆ।

ਕਾਰ ਡਰਾਈਵਰ ਨੇ ਤੋਤੇ ਨੂੰ ਚੁਕ ਕੇ ਪਿੰਜਰੇ ਵਿਚ ਪਾ ਕੇ ਆਪਣੇਂ ਘਰ ਰਖ ਲਿਆ।

ਜਦ ਤੋਤੇ ਨੂੰ ਹੋਸ਼ ਆਈ ਤਾਂ ਉਹਨੇ ਆਪਣੇਂ ਆਪ ਨੂੰ ਪਿੰਜਰੇ ਵਿਚ ਬੰਦ ਵੇਖ ਕੇ ਹੈਰਾਨੀ ਨਾਲ ਕਿਹਾ- ਹਾਏ ਰੱਬਾ ! ਕਾਰ ਡਰਾਈਵਰ ਮਰ ਗਿਆ।

* * *

ਇਕ ਹੋਟਲ ਵਿਚ ਪਤੀ ਪਤਨੀ ਰਾਤ ਠਹਿਰਣ ਤੋਂ ਬਾਅਦ ਬਿਲ ਦੇ ਕੇ ਜਾਣ ਲੱਗੇ ਤਾਂ ਅਚਾਨਕ ਉਹਨਾਂ ਦੀ ਨਜ਼ਰ ਗੇਟ ਦੇ ਅੰਦਰਲੇ ਪਾਸੇ ਲੱਗੇ ਬੋਰਡ ਤੇ ਪੈ ਗਈ। ਜਿਸ ਉੱਪਰ ਲਿਖਿਆ ਸੀ- ''ਦੇਖੋ ਤੁਹਾਡਾ ਕੁਝ ਰਹਿ ਤਾਂ ਨਹੀ ਗਿਆ।'' ਬੋਰਡ ਪੜ ਕੇ ਪਤੀ ਪਤਨੀ ਵਾਪਸ ਮੁੜ ਕੇ ਹੋਟਲ ਦੇ ਮੈਨੇਜਰ ਨੂੰ ਕਹਿੰਦੇ ਕਿ ਇਹ ਬੋਰਡ ਤੇ ਗਲਤ ਲਿਖਿਆ ਹੈ। ਅਸਲ ਵਿਚ ਲਿਖਣਾਂ ਇਹ ਚਾਹੀਦਾ ਸੀ- ਦੇਖੋ ਤੁਹਾਡੇ ਕੋਲ ਕੁਝ ਰਹਿ ਤਾਂ ਨਹੀ ਗਿਆ।



– ਨਿਹਾਰਿਕਾ ਕੰਡਾ (ਤਲਵੰਡੀ ਭਾਈ)

ਰਵੀ : (ਮੋਹਨ ਨੂੰ) ਉਸ ਦਿਨ ਮੈ ਕ੍ਰਿਕਟ ਦੇ ਮੈਚ ਵਿਚ ਇਹੋ ਜਿਹਾ ਸ਼ਾਟ ਮਾਰਿਆ ਕਿ ਦਰਸ਼ਕਾਂ ਦੇ ਨਾਲ-ਨਾਲ ਸਾਰੇ ਖਿਡਾਰੀ ਵੀ ਭੱਜ ਗਏ।



ਮੋਹਨ : ਇਹੋ ਜਿਹੀ ਕਿਹੜੀ ਗੱਲ ਹੋਈ?

ਰਵੀ : ਦਰਅਸਲ ਗੇਂਦ ਮਧੂਮੱਖੀ ਦੇ ਛੱਤੇ ਨਾਲ ਜਾ ਟਕਰਾਈ ਸੀ।

* * * *

ਇਕ ਵਿਅਕਤੀ ਨੇ ਇਕ ਦਿਨ ਡਾਕਟਰ ਨੂੰ ਫੋਨ ਕੀਤਾ ਅਤੇ ਪੁੱਛਿਆ – ਡਾ. ਸਾਹਿਬ ! ਇਕ ਮਹੀਨੇ ਪਹਿਲਾਂ ਤੁਹਾਡੇ ਕੋਲ ਜ਼ੁਕਾਮ ਅਤੇ ਸਰਦੀ ਦੇ ਇਲਾਜ ਲਈ ਆਇਆ ਸੀ। ਤਦ ਤੁਸੀਂ ਮੈਨੂੰ ਨਹਾਉਣ ਲਈ ਮਨਾ ਕੀਤਾ ਸੀ।


ਡਾਕਟਰ : ਤਾਂ ਫਿਰ !

ਵਿਅਕਤੀ : ਕੀ ਹੁਣ ਮੈ ਨਹਾ ਸਕਦਾ ਹਾਂ?

– ਨੀਰਜ ਚੋਧਰੀ (ਜੰਮੂ)

* * * *

ਇਕ ਦਿਨ ਕਾਲਿਜ ਵਿਚ ਸ਼ਾਮੂ ਨੂੰ ਕਿਸੇ ਨੇ ਪੁੱਛਿਆ ਕਿ ਹੁਣ ਤੁਸੀਂ ਕਾਲਿਜ ਵਿਚ ਕੱਲੇ ਆਉਂਦੇ ਹੋ? ਤੁਹਾਡਾ ਕੁੱਤਾ ਤੁਹਾਡੇ ਨਾਲ ਨਹੀ ਆਉਂਦਾ।



ਸ਼ਾਮੂ ਬੋਲਿਆ : ਜਦੋਂ ਮੈ ਬੀ.ਏ ਕਰ ਰਿਹਾ ਸੀ ਤਾਂ ਉਦੋਂ ਕੁੱਤਾ ਮੇਰੇ ਨਾਲ ਆਉਂਦਾ ਸੀ, ਹੁਣ ਉਸਨੇ ਡਿਗਰੀ ਪਾਸ ਕਰ ਲਈ ਹੁਣ ਉਹ ਘਰ ਰਹਿੰਦਾ ਹੈ।

* * * *

ਚਾਚੀ ਜੀ : ਬੇਟਾ ! ਕਿੱਥੇ ਜਾ ਰਹੇ ਹੋ?

ਦਿਨੇਸ਼ : ਇਕ ਸਾਧੂ ਮਹਾਰਾਜ ਦੇ ਪ੍ਰਵਚਨ ਸੁਣਨ।

ਚਾਚੀ : ਨਾ ਬੱਦਲ ਹੈ ਨਾ ਮੀਂਹ ਫਿਰ ਇਹ ਛੱਤਰੀ ਕਿਉਂ?

ਦਿਨੇਸ਼ : ਸਾਧੂ ਮਹਾਰਾਜ ਉਥੇ ਗਿਆਨ ਦੀ ਵਰਖਾ ਕਰਨ ਵਾਲੇ ਹਨ।

– ਬਬਲੂ ਕੁਮਾਰ (ਦਿੱਲੀ)

* * * *

ਇਕ ਗੁਆਂਢੀ : (ਦੂਜੇ ਗੁਆਂਢੀ ਨੂੰ) ਤਿੰਨ ਬੁਲਾਉ ਅਤੇ ਤੇਰ੍ਹਾਂ ਆ ਜਾਣ ਤਾਂ ਕੀ ਕੀਤਾ ਜਾਏ?

ਦੂਜਾ ਗੁਆਂਢੀ : ਫੌਰਨ 'ਨੌ ਦੋ ਗਿਆਰਾਂ' ਹੋ ਜਾਣ ਵਿਚ ਹੀ ਭਲਾਈ ਹੈ।

– ਰਾਹੁਲ ਕੁਮਾਰ (ਸੰਤ ਨਗਰ)

ਇਕ ਆਲਸੀ ਆਦਮੀ ਜਾਮੁਨ ਦੇ ਰੁੱਖ ਥੱਲੇ ਬੈਠਾ ਸੀ। ਉਸਨੇ ਉਧਰ ਇਕ ਆਦਮੀ ਨੂੰ ਜਾਂਦੇ ਵੇਖਿਆ ਅਤੇ ਬੁਲਾਇਆ –

ਆਲਸੀ ਆਦਮੀ : (ਦੂਸਰੇ ਆਦਮੀ ਨੂੰ) ਭਾਈ ਮੇਰਾ ਇਕ ਕੰਮ ਕਰ ਦੇ।

ਦੂਸਰਾ ਆਦਮੀ : ਕੀ?

ਆਲਸੀ ਆਦਮੀ : ਭਾਈ ਜ਼ਰਾ ਮਿਹਰਬਾਨੀ ਕਰਕੇ ਇਹ ਜਾਮੁਨ ਮੇਰੇ ਮੂੰਹ ਵਿਚ ਪਾ ਦੇ।

(ਦੂਸਰੇ ਆਦਮੀ ਜਾਮੁਨ ਮੂੰਹ ਵਿਚ ਪਾ ਕੇ ਜਾਣ ਲਗਦਾ ਹੈ।)

ਆਲਸੀ ਆਦਮੀ : ਭਾਈ ਜਾ ਕਿੱਥੇ ਰਿਹਾ ਹੈ, ਗਿੱਟਕ ਤਾਂ ਕੱਢਦਾ ਜਾ।



* * * *

ਗੱਬਰ : ਓਏ ਸਾਂਬਾ ! ਇਹ ਮੱਛਰ ਹੁਣ ਵੀ ਕਿਉਂ ਭਿਨਭਿਨਾ ਰਹੇ ਹਨ?

ਸਾਂਬਾ : ਸਰਦਾਰ ਇਹ ਮੱਛਰ ਨਹੀਂ ਮੱਛਰੀਆਂ ਹਨ ਜੋ ਮੱਛਰਾਂ ਦੇ ਮਰਨ ਤੇ ਵਿਲਾਪ ਕਰ ਰਹੀਆਂ ਹਨ।

– ਸਨੀ ਨਿਰੰਕਾਰੀ

ਸੁਨੀਲ ਨਾਗਪਾਲ

# ਨਵੇਂ ਸਾਲ ਦੀ ਨਵੀਂ ਸ਼ੁਰੂਆਤ



ਸ਼ੇਰੂ ਬਹੁਤ ਹੀ ਸ਼ਰਾਰਤੀ ਬੱਚਾ ਸੀ। ਉਹ ਆਪਣੀਆਂ ਸ਼ਰਾਰਤਾਂ ਨਾਲ ਸਭ ਨੂੰ ਪਰੇਸ਼ਾਨ ਕਰਦਾ ਰਹਿੰਦਾ। ਕਈ ਵਾਰ ਉਸ ਦੀਆਂ ਸ਼ਰਾਰਤਾਂ ਨਾਲ ਦੂਜਿਆਂ ਨੂੰ ਬਹੁਤ ਨੁਕਸਾਨ ਸਹਿਣਾ ਪੈਂਦਾ ਸੀ ਪਰ ਉਸ ਨੂੰ ਕੋਈ ਫਰਕ ਨਹੀਂ ਪੈਂਦਾ ਸੀ। ਉਸ ਦਾ ਤਾਂ ਬਸ ਇਹ ਕੰਮ ਹੀ ਬਣ ਗਿਆ ਸੀ ਕਿ ਦੂਜਿਆਂ ਨੂੰ ਪਰੇਸ਼ਾਨ ਕਰਦੇ ਰਹਿਣਾ। ਉਸ ਨੂੰ ਇਹ ਸਭ ਕਰ ਕੇ ਬਹੁਤ ਖੁਸ਼ੀ ਮਿਲਦੀ ਸੀ। ਉਸ ਦੇ ਮੰਮੀ ਡੈਡੀ ਉਸ ਨੂੰ ਬਹੁਤ ਸਮਝਾਂਦੇ ਪਰ ਉਸ ਉਤੇ ਕਿਸੇ ਦੀ ਸਿਖਿਆ ਦਾ ਕੋਈ ਅਸਰ ਨਹੀਂ ਸੀ।

ਰੀਟਾ ਦਾ ਅੱਜ ਸਕੂਲ ਵਿਚ ਪਹਿਲਾ ਦਿਨ ਸੀ। ਸ਼ੇਰੂ ਨੇ ਰੀਟਾ ਨਾਲ ਦੋਸਤੀ ਕਰ ਲਈ। ਰੀਟਾ ਇਕ ਬਹੁਤ ਹੀ ਹੁਸ਼ਿਆਰ ਅਤੇ ਸਮਝਦਾਰ ਲੜਕੀ ਸੀ। ਸ਼ੇਰੂ ਨੇ ਰੀਟਾ ਨੂੰ ਵੀ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਉਹ ਖੁਦ ਕੋਈ ਨਾ ਕੋਈ ਸ਼ਰਾਰਤ ਕਰਦਾ ਅਤੇ ਫਿਰ ਕਿਸੇ ਹੋਰ ਦੇ ਜ਼ਿੰਮੇ ਮੜ ਦਿੰਦਾ। ਰੀਟਾ ਨੂੰ ਉਸ ਦੀਆਂ ਸਾਰੀਆਂ ਹਰਕਤਾਂ ਦਾ ਪਤਾ ਲੱਗ ਗਿਆ। ਇਸ ਲਈ ਹੁਣ ਉਹ ਉਸ ਨਾਲ ਘੱਟ ਹੀ ਗੱਲ-ਬਾਤ ਕਰਦੀ ਪਰ ਸ਼ੇਰੂ ਉਸ ਨੂੰ ਪਰੇਸ਼ਾਨ ਕਰਦਾ ਹੀ ਰਹਿੰਦਾ। ਉਸ ਦੇ ਟੈਸਟ ਫਾੜ ਦਿੰਦਾ ਜਾਂ ਡਰਾਇੰਗ ਖਰਾਬ ਕਰ ਦਿੰਦਾ। ਇਸ ਕਾਰਨ ਅਧਿਆਪਕਾਂ ਤੋਂ ਉਸ ਨੂੰ ਕਾਫੀ ਡਾਂਟ ਸੁਣਨੀ ਪੈਂਦੀ ਪਰ ਰੀਟਾ ਹਰ ਵਾਰ ਉਸ ਨੂੰ ਮਾਫ ਕਰ ਦਿੰਦੀ।

ਅੱਜ ਸਕੂਲ ਵਿਚ ਡਰਾਇੰਗ ਦਾ ਮੁਕਾਬਲਾ ਹੋਣ ਕਰ ਕੇ ਸਕੂਲ ਵਿਚ ਅੱਧਾ ਘੰਟਾ ਲੇਟ ਛੁੱਟੀ ਹੋਈ। ਜਿਸ ਕਾਰਨ ਸਾਰੇ ਬੱਚਿਆਂ ਨੂੰ ਪੈਦਲ ਘਰ ਜਾਣਾ ਪਿਆ। ਸਾਰੇ ਬੱਚੇ ਜਾ ਰਹੇ ਸਨ। ਸ਼ੇਰੂ ਸਾਰਿਆਂ ਤੋਂ ਪਿੱਛੇ ਸੀ ਕਿਉਂਕਿ ਉਹ ਕਾਫੀ ਸ਼ਰਾਰਤਾਂ ਸੋਚ ਕੇ ਆਇਆ ਸੀ। ਸ਼ੇਰੂ ਨੂੰ ਜਾਂਦੇ- ਜਾਂਦੇ ਇਕ ਸ਼ਰਾਰਤ ਸੁੱਝੀ ਅਤੇ ਉਸ ਨੇ ਆਪਣੇ ਅੱਗੇ ਜਾਂਦੇ ਰਾਹੁਲ ਦੇ ਬੈਗ ਨੂੰ ਪਿੱਛੇ ਖਿਚ ਲਿਆ। ਰਾਹੁਲ ਥੱਲੇ ਡਿੱਗ ਪਿਆ ਅਤੇ ਉਸ ਨੂੰ ਕਾਫੀ ਚੋਟ ਵੀ ਆਈ। ਉਸ ਦਾ ਬੈਗ ਖਿੱਚਣ ਤੋਂ ਬਾਅਦ ਜਿਉਂ ਹੀ ਸ਼ੇਰੂ ਭੱਜ ਕੇ ਪਿੱਛੇ ਹੱਟਣ ਲੱਗਿਆ ਤਾਂ ਉਸ ਨੂੰ ਬਹੁਤ ਹੀ ਤੇਜ਼ ਰਫਤਾਰ ਨਾਲ ਆ ਰਹੀ ਗੱਡੀ ਨੇ ਟੱਕਰ ਮਾਰ ਦਿੱਤੀ।

ਹੁਣ ਸ਼ੇਰੂ ਜ਼ਿੰਦਗੀ ਅਤੇ ਮੌਤ ਨਾਲ ਲੜ ਰਿਹਾ ਸੀ। ਉਸ ਨੂੰ ਕਾਫੀ ਚੋਟਾਂ ਆਈਆ ਸਨ। ਕੁਝ ਦਿਨਾਂ ਬਾਅਦ ਉਸ ਨੂੰ ਜਦੋਂ ਹੋਸ਼ ਆਇਆ ਤਾਂ ਉਸ ਨੇ ਆਪਣੇ ਸਾਰੇ ਸਾਥੀਆਂ ਨੂੰ ਆਪਣੇ ਸਾਹਮਣੇ ਵੇਖਿਆ। ਰੀਟਾ ਨੇ ਸ਼ੇਰੂ ਨੂੰ ਕਿਹਾ ਕਿ ਸਾਨੂੰ ਕਦੇ ਕਿਸੇ ਨੂੰ ਪਰੇਸ਼ਾਨ ਨਹੀ ਕਰਨਾ ਚਾਹੀਦਾ ਨਹੀ ਤਾਂ ਸਾਨੂੰ ਉਸ ਤੋਂ ਵੀ ਵੱਡੀ ਸਜਾ ਮਿਲਦੀ ਹੈ। ਸ਼ੇਰੂ ਕਲਾਸ ਵਿਚ ਸਭ ਨੂੰ ਪਰੇਸ਼ਾਨ ਕਰਦਾ ਸੀ ਪਰ ਫਿਰ ਵੀ ਸਾਰੇ ਉਸ ਦੀ ਦੁਆ ਲਈ ਉਸ ਦੇ ਸਾਹਮਣੇ ਖੜੇ ਸਨ। ਸ਼ੇਰੂ ਨੂੰ ਆਪਣੀਆਂ ਗਲਤੀਆਂ ਦਾ ਅਹਿਸਾਸ ਹੋ ਚੁੱਕਿਆ ਸੀ। ਉਸ ਨੇ ਸਾਰਿਆ ਤੋਂ ਮਾਫੀ ਮੰਗੀ ਅਤੇ ਅੱਗੇ ਤੋਂ ਸਭ ਦੀ ਮਦਦ ਕਰਨ ਦਾ ਪ੍ਰਣ ਕੀਤਾ। ਸਾਰੇ ਬਹੁਤ ਖੁਸ਼ ਸਨ ਅਤੇ ਨਾਲ ਹੀ ਸ਼ੇਰੂ ਨੇ ਰਾਹੁਲ ਤੋਂ ਵੀ ਮਾਫੀ ਮੰਗੀ।

ਬੱਚਿਉ ! ਅਸਲ ਵਿਚ ਸਾਨੂੰ ਸਾਡੀਆਂ ਗਲਤੀਆਂ ਉਦੋਂ ਤੱਕ ਗਲਤੀਆਂ ਨਹੀ ਲਗਦੀਆਂ ਜਦੋਂ ਤਕ ਅਸੀ ਖੁਦ ਅੰਦਰੋ ਉਸ ਦਾ ਅਨੁਭਵ ਨਹੀਂ ਕਰਦੇ। ਅਸੀ ਉਦੋਂ ਤਕ ਦੂਜਿਆਂ ਨੂੰ ਚੋਟਾਂ ਦੇਣੀਆਂ ਬੰਦ ਨਹੀ ਕਰਦੇ ਜਦ ਤਕ ਖੁਦ ਚੋਟ ਨਹੀਂ ਖਾਂਦੇ। ਜਦ ਅਸੀ ਖੁਦ ਚੋਟ ਖਾ ਲੈਂਦੇ ਹਾਂ ਤਾਂ ਸਾਨੂੰ ਦੂਜਿਆਂ ਦੇ ਦਰਦ ਦਾ ਅਹਿਸਾਸ ਵੀ ਜ਼ਰੂਰ ਹੁੰਦਾ ਹੈ। ਇਸ ਲਈ ਸ਼ੇਰੂ ਨੇ ਨਵੇਂ ਸਾਲ ਤੇ ਇਹ ਪ੍ਰਣ ਲਿਆ ਕਿ ਹੁਣ ਉਹ ਕਦੇ ਕਿਸੇ ਨੂੰ ਤੰਗ ਨਹੀਂ ਕਰੇਗਾ।

ਪਿਆਰੇ ਬੱਚਿਉ ! ਅਸੀ ਵੀ ਨਵੇਂ ਸਾਲ ਤੇ ਇਹ ਪ੍ਰਣ ਕਰੀਏ ਕਿ ਅਸੀਂ ਕਦੇ ਕਿਸੇ ਨੂੰ ਦੁੱਖ ਨਹੀਂ ਪਹੁੰਚਾਵਾਂਗੇ। ਪਿਛਲੀਆਂ ਗਲਤੀਆਂ ਨੂੰ ਭੁਲਾ ਕੇ ਨਵੇਂ ਸਾਲ ਤੇ ਨਵੀ ਸ਼ੁਰੂਆਤ ਕਰਾਂਗੇ। ਹੋਰ ਗਲਤੀਆਂ ਸਾਡੇ ਤੋਂ ਨਾ ਹੋਣ ਸਤਿਗੁਰੂ ਅੱਗੇ ਇਹੀ ਦੁਆ ਕਰੀਏ।

ਪੇਸ਼ਕਸ਼ : ਵਿਕਾਸ ਅਰੋੜਾ

# ਸਾਧਾਰਣ ਗਿਆਨ ਪ੍ਰਸ਼ਨੋਤਰੀ



(ਸਭ ਪ੍ਰਸ਼ਨਾਂ ਦੇ ਉੱਤਰ 'ਮ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਚੁੱਕੋ ਅਤੇ ਪ੍ਰਸ਼ਨਚਿੰਨ੍ਹ ਤੋਂ ਬਾਅਦ ਉੱਤਰ ਲਿਖਦੇ ਜਾਉ।)

ਪ੍ਰਸ਼ਨ:1) ਰਾਜਾ ਜਨਕ ਦੇ ਸਭ ਤੋਂ ਵੱਡੇ ਦਾਮਾਦ ਕੌਣ ਸਨ?

ਪ੍ਰਸ਼ਨ:2) ਹਿਡਿੰਬਾ ਦਾ ਪਤੀ ਕੌਣ ਸੀ?

ਪ੍ਰਸ਼ਨ:3) ਸਭ ਤੋਂ ਘੱਟ ਆਬਾਦੀ ਵਾਲਾ ਭਾਰਤੀ ਰਾਜ ਕਿਹੜਾ ਹੈ?

ਪ੍ਰਸ਼ਨ:4) ਕੇਰਲ ਵਿਚ ਬੋਲੀ ਜਾਣ ਵਾਲੀ ਮੁੱਖ ਭਾਸ਼ਾ ਕਿਹੜੀ ਹੈ?

ਪ੍ਰਸ਼ਨ:5) ਭਾਰਤ ਦਾ 'ਮਿਸਾਇਲ ਪੁਰਸ਼' ਕਿਸ ਨੂੰ ਕਿਹਾ ਜਾਂਦਾ ਹੈ?

ਪ੍ਰਸ਼ਨ:6) ਕਿਸ ਰਿਸ਼ੀ ਨੇ ਆਪਣੀ ਪਤਨੀ ਅਹੱਲਿਆ ਨੂੰ ਪੱਥਰ ਦਾ ਬਣ ਜਾਣ ਦਾ ਸ਼ਰਾਪ ਦਿੱਤਾ ਸੀ?

ਪ੍ਰਸ਼ਨ:7) ਡਿਗਬੋਈ ਤੇਲ ਖੇਤਰ ਕਿਸ ਰਾਜ ਵਿਚ ਸਥਿਤ ਹੈ?

ਪ੍ਰਸ਼ਨ:8) ਇਟਲੀ ਦੀ ਰਾਜਧਾਨੀ ਕਿਹੜੀ ਹੈ?

ਪ੍ਰਸ਼ਨ:9) ਸੰਗਿਆ ਦੇ ਸਥਾਨ ਤੇ ਜਿਸ ਸ਼ਬਦ ਦਾ ਪ੍ਰਯੋਗ ਹੁੰਦਾ ਹੈ ਉਸ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ:10) ਭਾਰਤ ਦਾ ਰਾਸ਼ਟਰੀ ਗੀਤ ਕਿਹੜਾ ਹੈ?

ਪ੍ਰਸ਼ਨ:11) ਸਭ ਤੋਂ ਭਾਰੀ ਧਾਤੂ ਕਿਹੜੀ ਹੈ?

ਪ੍ਰਸ਼ਨ:12) ਕਿਸ ਰਿਸ਼ੀ ਨੇ ਗਣੇਸ਼ ਜੀ ਦਾ ਇਕ ਦੰਦ ਤੋੜਿਆ ਸੀ?

ਪ੍ਰਸ਼ਨ:13) ਸਿਕੰਦਰ ਅਤੇ ਪੋਰਸ ਦਾ ਯੁੱਧ ਕਿਸ ਨਦੀ ਦੇ ਕਿਨਾਰੇ ਲੜਿਆ ਗਿਆ ਸੀ?


ਪ੍ਰਸ਼ਨ:14) ਮਹਾਤਮਾ ਗਾਂਧੀ ਨੇ ਮਰਨ ਤੋਂ ਪਹਿਲਾਂ ਕਿਹੜੇ ਸ਼ਬਦ ਕਹੇ ਸਨ?

ਪ੍ਰਸ਼ਨ:15) ਗਾਇਤ੍ਰੀ ਮੰਤਰ ਦੀ ਸ਼ੁਰੂਆਤ ਕਿਸ ਸ਼ਬਦ ਤੋਂ ਹੁੰਦੀ ਹੈ?

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)

# ਕਿੱਟੀ

ਚਿੱਤਰਕਾਰ ਅਤੇ ਲੇਖਕ -
ਅਜੈ ਕਾਲੜਾ








ਕਿੱਟੀ ਕੀ ਤੂੰ ਕਵਿਤਾ ਲਿਖੀ?
ਨਹੀਂ ਮੈਂ ਤਾਂ ਕੋਈ ਕਵਿਤਾ ਨਹੀਂ ਲਿਖੀ। ਜੇਕਰ ਟੀਚਰ ਜੀ ਪੁੱਛਣਗੇ ਤਾਂ ਕਹਿ ਦੇਵਾਂਗੀ ਕਾਪੀ ਘਰ ਭੁੱਲ ਗਈ।
ਸਾਰੇ ਬੱਚੇ ਆਪਣੀ-ਆਪਣੀ ਕਾਪੀ ਖੋਲੋ ਅਤੇ ਜੋ ਕੱਲ ਕਵਿਤਾ ਲਿਖਣ ਨੂੰ ਦਿੱਤੀ ਸੀ ਕੀ ਉਹ ਸਭ ਨੇ ਲਿਖ ਲਈ?
ਮੋਟੂ, ਚਲੋ ਕਵਿਤਾ ਸੁਣਾਉ ਜੋ ਤੁਸੀ ਲਿਖੀ ਹੈ।
ਮੈਮ, (ਵਰਖਾ ਆਈ ਝੂਮ-ਝੂਮ ਕੇ ...)


ਕਿੱਟੀ, ਸ਼ੈਤਾਨੀ ਮਤ ਕਰੋ, ਮੋਟੂ ਦੀ ਕਵਿਤਾ ਧਿਆਨ ਨਾਲ ਸੁਣੋ।
ਚਲੋ ! ਕਿੱਟੀ ਹੁਣ ਤੇਰੀ ਵਾਰੀ।
ਟੀਚਰ ਜੀ ! ਮੈਂ ਤਾਂ ਕਾਪੀ ਘਰ ਹੀ ਭੁੱਲ ਗਈ।
ਕਿੱਟੀ ਕੁਝ ਲਾਈਨਾ ਤਾਂ ਯਾਦ ਹੋਣਗੀਆਂ, ਉਹੀ ਸੁਣਾਉ।
ਵਰਖਾ-ਵਰਖਾ-ਵਰਖਾ ਟੀਚਰ ਜੀ ਯਾਦ ਨਹੀ ਆ ਰਹੀ।


ਟੀਚਰ ਜੀ, ਕੀ ਮੈਂ ਆਪਣੀ ਕਵਿਤਾ ਸੁਣਾ ਸਕਦਾ ਹਾਂ?
ਚਲੋ ! ਠੀਕ ਹੈ ਤੂੰ ਸੁਣਾ।
ਸ਼ੁਕਰ ਹੈ, ਅੱਜ ਚਿੰਟੂ ਨੇ ਮੈਨੂੰ ਮਾਰ ਖਾਣ ਤੋਂ ਬਚਾ ਲਿਆ। ਅੱਗੇ ਤੋਂ ਮੈਂ ਵੀ ਆਪਣਾ ਕੰਮ ਪੂਰਾ ਕਰਾਂਗੀ ਅਤੇ ਦੂਜਿਆਂ ਦਾ ਮਜ਼ਾਕ ਵੀ ਨਹੀਂ ਉਡਾਵਾਂਗੀ।

❑ ਡਾ.ਸੁਖਦਰਸ਼ਨ ਸਿੰਘ

# ਰੰਗ ਬਦਲਦੇ ਆਕਾਸ਼ ਦੇ ਦਿਲਕਸ਼ ਨਜ਼ਾਰੇ ਨਾਰਦਨ ਲਾਈਟਸ

ਦੁਨੀਆ ਦੇ ਜ਼ਿਆਦਾਤਰ ਹਿੱਸਿਆਂ ਵਿਚ ਰਾਤ ਨੂੰ ਆਕਾਸ਼ ਇਕੋ ਜਿਹਾ ਦਿਖਾਈ ਦਿੰਦਾ ਹੈ। ਸ਼ਹਿਰੀ ਖੇਤਰਾਂ ਚ ਪ੍ਰਦੂਸ਼ਣ ਹੋਣ ਕਰਕੇ ਰਾਤ ਨੂੰ ਆਕਾਸ਼ ਕਾਲਾ ਅਤੇ ਪੇਂਡੂ ਖੇਤਰਾਂ ਚ ਗੂੜਾ ਨੀਲਾ ਜਿਹਾ ਦਿਖਾਈ ਦਿੰਦਾ ਹੈ। ਪਰ ਕੁਦਰਤ ਦਾ ਕਰਿਸ਼ਮਾ ਦੇਖੋ ਕਿ ਦੁਨੀਆ ਦੇ ਕੁਝ ਭਾਗ ਅਜਿਹੇ ਵੀ ਹਨ, ਜਿਥੇ ਆਕਾਸ਼ ਰਾਤ ਨੂੰ ਰੰਗ ਬਦਲਦਾ ਰਹਿੰਦਾ ਹੈ ਅਤੇ ਅਦਭੁਤ ਦ੍ਰਿਸ਼ਾਂ ਦੀ ਸਿਰਜਣਾ ਹੁੰਦੀ ਹੈ। ਅਜਿਹੇ ਅਨੋਖੇ ਨਜ਼ਾਰੇ ਦਾ ਸਦੀਵੀ ਤੌਰ ਤੇ ਅਨੰਦ ਮਾਣ ਰਹੇ ਦੇਸ਼ਾਂ ਵਿਚ ਆਕਾਸ਼ ਰਾਤ ਨੂੰ ਕਦੇ ਹਰਾ, ਕਦੇ ਪੀਲਾ ਅਤੇ ਕਦੇ ਨਾਰੰਗੀ ਰੰਗ ਦਾ ਦਿਖਾਈ ਦਿੰਦਾ ਹੈ। ਕੁਦਰਤ ਦੇ ਇਸ ਰੰਗੀਨ ਕਰਿਸ਼ਮੇ ਨੂੰ 'ਨਾਰਦਨ ਲਾਈਟਸ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

**ਕੀ ਹਨ 'ਨਾਰਦਨ ਲਾਈਟਸ''?** ਵਿਗਿਆਨੀ ਆਕਾਸ਼ ਦੇ ਰੰਗ ਬਦਲਣ ਦਾ ਮੁੱਖ ਆਧਾਰ ਗੈਸਾਂ ਦੇ ਆਪਸੀ ਟਕਰਾਅ ਨੂੰ ਮੰਨਦੇ ਹਨ। ਵਿਗਿਆਨੀਆਂ ਅਨੁਸਾਰ ਆਕਾਸ਼ ਵਿਚ ਮੌਜੂਦ ਗੈਸਾਂ ਦੇ ਕਣ ਜਦੋਂ ਸੂਰਜ ਦੀ ਰੌਸ਼ਨੀ ਦੁਆਰਾ ਪੈਦਾ ਹੋਈਆਂ ਗੈਸਾਂ ਦੇ ਕਣਾਂ ਨਾਲ ਟਕਰਾਉਂਦੇ ਹਨ ਤਾਂ ਮੁੱਖ ਰੂਪ ਵਿਚ ਪੀਲੇ ਤੇ ਹਰੇ ਰੰਗ ਦੇ ਸੁਮੇਲ ਵਾਲਾ ਰੰਗ ਉਤਪੰਨ ਹੁੰਦਾ ਹੈ, ਜਿਸ ਨੂੰ ਵਿਗਿਆਨੀ ਲੋਕਾਂ ਨੇ ਪੇਲ ਦਾ ਨਾਂ ਦਿੱਤਾ ਹੈ।ਜ਼ਿਆਦਾਤਰ ਇਹ ਰੰਗ ਧਰਤੀ ਤੋਂ 60 ਮੀਲ ਉਪੱਰ ਮੌਜੂਦ ਆਕਸੀਜਨ ਦੇ ਅਣੂਆਂ ਨਾਲ ਪੈਦਾ ਹੁੰਦਾ ਹੈ। ਇਸ ਤੋਂ ਇਲਾਵਾ ਹੋਰ ਰੰਗ ਵੱਖ-ਵੱਖ ਗੈਸਾਂ ਦੀਆਂ ਆਪਸੀ ਰਸਾਇਣਿਕ ਕਿਰਿਆਵਾਂ ਨਾਲ ਪੈਦਾ ਹੁੰਦੇ ਹਨ।

**ਰੰਗਲੇ ਆਕਾਸ਼ ਵਾਲੇ ਮੁਲਕ :** ਦੁਨੀਆ ਚ ਅਜਿਹੇ ਨੌਂ ਮੁਲਕ ਹਨ, ਜਿੱਥੇ ਕੁਦਰਤ ਦੇ ਇਹ ਸਤਰੰਗੀ ਪੀਂਘ ਵਰਗੇ ਰੰਗਲੇ ਨਜ਼ਾਰੇ ਦੇਖਣ ਨੂੰ ਮਿਲਦੇ ਹਨ। ਅਜਿਹੀਆਂ ਰੰਗਲੀਆਂ ਰਾਤਾਂ ਵਾਲੇ ਦੇਸ਼ਾਂ ਚ ਨਾਰਵੇ ਦੇ ਸ਼ਹਿਰ ਟਰਾਂਮਸੋ ਦੇ ਦ੍ਰਿਸ਼ਾਂ





ਨੂੰ ਸਭ ਤੋਂ ਅਦਭੁਤ ਮੰਨਿਆ ਜਾਂਦਾ ਹੈ। ਇਸ ਦੇ ਨਾਲ ਹੀ ਨਾਰਵੇ ਦੇ ਇਕ ਹੋਰ ਸ਼ਹਿਰ ਲਾਂਗਯੇਰਬਏਨ ਨੂੰ ਨੱਚਦੀਆਂ ਰੌਸ਼ਨੀਆਂ ਦਾ ਸ਼ਹਿਰ ਮੰਨਿਆਂ ਜਾਂਦਾ ਹੈ। ਇਸ ਸ਼ਹਿਰ ਤੋਂ ਆਕਾਸ਼ ਵਿਚ ਦੂਰ-ਦੂਰ ਤੱਕ ਹਰੇ ਰੰਗ ਦੀਆਂ ਜੋ ਰੋਸ਼ਨੀਆਂ ਦਿਖਾਈ ਦਿੰਦੀਆਂ ਹਨ, ਉਹ ਕਿਸੇ ਅਜੂਬੇ ਵਾਂਗ ਦ੍ਰਿਸ਼ਾਂ ਦੀ ਸਿਰਜਣਾ ਕਰਦੀਆਂ ਹਨ।

**ਆਈਸਲੈਂਡ** ਦੁਨੀਆ ਦਾ ਦੂਸਰਾ ਅਜਿਹਾ ਮੁਲਕ ਹੈ, ਜਿੱਥੇ ਸਾਲ ਚ ਇਕ ਵਿਸ਼ੇਸ਼ ਮੌਸਮ ਦੌਰਾਨ ਆਕਾਸ਼ ਰੰਗ ਬਦਲਦਾ ਨਜ਼ਰ ਆਉਂਦਾ ਹੈ। ਆਈਸਲੈਂਡ ਦੇ ਵੱਡੇ ਸ਼ਹਿਰ ਰੇਯਕਜਾਵਿਕ ਤੋਂ ਤਿੰਨ ਘੰਟੇ ਦਾ ਸਫਰ ਕਰਕੇ ਆਪਰੂਰਲ ਨਾਂ ਦੇ ਸਥਾਨ ਤੇ ਪੁੱਜ ਕੇ ਕੁਦਰਤ ਦੇ ਰੰਗੀਨ ਨਜ਼ਾਰਿਆਂ ਦਾ ਅਨੰਦ ਮਾਣਿਆ ਜਾ ਸਕਦਾ ਹੈ। ਦੁਨੀਆ ਦਾ ਤੀਸਰਾ ਦੇਸ਼ **ਯੂਕਰੇਨ** ਹੈ, ਜਿੱਥੇ ਕੁਦਰਤ ਦੇ ਰੰਗਾਂ ਦਾ ਰਾਤ ਨੂੰ ਅਨੰਦ ਮਾਣਿਆ ਜਾ ਸਕਦਾ ਹੈ। ਇਸ ਤੋਂ ਬਾਅਦ ਨੰਬਰ ਆਉਂਦਾ ਹੈ **ਕੈਨੇਡਾ** ਦਾ, ਜਿਥੇ ਸਰਦੀਆਂ ਦੇ ਮੌਸਮ ਵਿਚ ਰੰਗਲੇ ਆਕਾਸ਼ ਦੇ ਨਜ਼ਾਰੇ ਦੇਖਣ ਨੂੰ ਮਿਲਦੇ ਹਨ। ਇਸ ਮੁਲਕ ਦੇ ਉਤਰੀ ਪੱਛਮੀ ਹਿੱਸੇ ਵਿਚ ਦਸੰਬਰ ਤੋਂ ਮਾਰਚ ਦੇ ਮਹੀਨੇ ਤਕ ਰੰਗਲੇ ਨਜ਼ਾਰਿਆਂ ਵਾਲੇ ਆਕਾਸ਼ ਦਾ ਲੁਤਫ ਲਿਆ ਜਾ ਸਕਦਾ ਹੈ। **ਫਿਨਲੈਂਡ** ਦੁਨੀਆ ਦਾ ਪੰਜਵਾਂ ਅਜਿਹਾ ਦੇਸ਼ ਹੈ, ਜਿਸ ਦੇ ਕੁਝ ਭਾਗਾਂ ਚ ਰਾਤ ਨੂੰ ਕੁਦਰਤ ਦੇ ਰੰਗ ਵਰਸਦੇ ਹਨ। ਇਸ ਮੁਲਕ ਦੇ ਕੁਦਰਤ ਦੀ ਰੰਗਲੀ ਬਖਸ਼ਿਸ਼ ਦਾ ਆਨੰਦ ਮਾਣਨ ਵਾਲੇ ਇਲਾਕਿਆਂ ਚੋਂ ਸਾਰੀਸੇਲਕਾ ਨਾਂ ਦਾ ਪਿੰਡ ਮਸ਼ਹੂਰ ਹੈ। ਸਰਦ ਰੁੱਤ ਵਿਚ ਰੰਗਲਾ ਆਕਾਸ਼ ਵੇਖਣ ਲਈ ਇਹ ਪਿੰਡ ਦੁਨੀਆ ਭਰ ਵਿਚ ਆਕਰਸ਼ਣ ਦਾ ਕੇਂਦਰ ਬਣਿਆ ਹੈ।

ਇਸ ਤੋਂ ਇਲਾਵਾ **ਸਕਾਟਲੈਂਡ** ਨੂੰ ਵੀ ਕੁਦਰਤੀ ਖੂਬਸੂਰਤੀ ਵਾਲੇ ਦੇਸ਼ਾਂ ਚੋਂ ਮੰਨਿਆ ਜਾਂਦਾ ਹੈ। ਇਸ ਮੁਲਕ ਦੇ ਉਤਰੀ ਭਾਗਾਂ ਵਿਚ ਰਾਤਾਂ ਨੂੰ ਰੰਗਾਂ ਦੀ ਬਰਸਾਤ ਹੁੰਦੀ ਹੈ। ਇਸ ਦੇਸ਼ ਦੇ ਐਬਰਨੀਅਸ਼ਾਇਰ, ਨਾਰਥ ਹਾਈਲੈਂਡਜ਼, ਔਰਕੇਨਯ ਅਤੇ ਸ਼ੈਟਲੈਂਡ ਇਲਾਕਿਆਂ ਵਿਚ ਰਾਤ ਨੂੰ ਕੁਦਰਤ ਦੇ ਰੰਗੀਨ ਦ੍ਰਿਸ਼ਾ ਦੀ ਸਿਰਜਣਾ ਹੁੰਦੀ ਹੈ। ਇਸ ਦੇ ਨਾਲ ਹੀ **ਸਵੀਡਨ** ਵਿਚ ਵੀ ਰੰਗੀਨ ਆਕਾਸ਼ ਦੇਖਣ ਨੂੰ ਮਿਲਦਾ ਹੈ। ਇਸ ਮੁਲਕ ਦੇ ਅਬੀਸਕੋ ਇਲਾਕੇ ਚ ਰੰਗਲੇ ਆਕਾਸ਼ ਦੇ ਦੀਦਾਰ ਹੁੰਦੇ ਹਨ। ਆਰਕਟਿਕ ਸਰਕਲ ਤੋਂ 165 ਕਿਲੋਮੀਟਰ ਦੂਰੀ ਦੇ ਸਥਿਤ ਇਸ ਸਥਾਨ ਨੂੰ ਸਵੀਡਨ ਸਰਕਾਰ ਨੇ ਸੈਰ-ਸਪਾਟੇ ਦੇ ਵੱਡੇ ਕੇਂਦਰ ਵੱਜੋ ਸਥਾਪਤ ਕੀਤਾ ਹੋਇਆ ਹੈ। **ਅਲਾਸਕਾ** ਮੁਲਕ ਦਾ ਸ਼ਹਿਰ ਫੇਅਰਬੈਂਕਸ ਵੀ ਕੁਦਰਤੀ ਰੋਸ਼ਨੀਆਂ ਨਾਲ ਜਗਮਗਾਉਂਦਾ ਹੈ। ਇਸ ਸ਼ਹਿਰ ਦੇ ਹਰ ਕੋਨੇ ਵਿਚ ਰੰਗਲੇ ਆਕਾਸ਼ ਦੇ ਦਰਸ਼ਨ ਹੁੰਦੇ ਹਨ।


**ਗ੍ਰੀਨਲੈਂਡ** ਦੇਸ਼ ਤੇ ਵੀ ਕੁਦਰਤ ਦੀ ਰੰਗਲੀ ਮਿਹਰ ਹੈ। ਇਸ ਦੇਸ਼ ਦੇ ਇਲਾਕੇ ਕੈਂਗਰਲੁਸਾਕ ਵਿਚ ਰਾਤਾਂ ਨੂੰ ਆਕਾਸ਼ ਰੰਗੀਨ ਹੁੰਦਾ ਹੈ। ਸਦਾ ਹੀ ਬਰਫ ਦੀ ਚਾਦਰ ਨਾਲ ਢੱਕੇ ਰਹਿਣ ਵਾਲੇ ਇਸ ਸਥਾਨ ਵਿਚ ਬਰਫੀਲੇ ਮੈਦਾਨ ਕੁਦਰਤੀ ਰੌਸ਼ਨੀਆਂ ਨਾਲ ਅਨੋਖੇ ਦ੍ਰਿਸ਼ ਸਿਰਜਦੇ ਹਨ।

ਸਾਜਨ ਸਚਦੇਵਾ

# ਪ੍ਰਣਾਮ ਸ਼ਹੀਦਾਂ ਨੂੰ

ਪ੍ਰਣਾਮ ਕਰੀਏ ਉਹਨਾਂ ਨੂੰ, ਸ਼ਹੀਦੀਆਂ ਜੋ ਪਾ ਗਏ।
ਦੇਸ਼ ਨੂੰ ਬਚਾਉਣ ਲਈ, ਆਪਣਾ ਸਭ ਕੁਝ ਗਵਾ ਗਏ।

ਕਦੇ ਥੱਕੇ ਨਹੀਂ, ਕਦੇ ਰੁਕੇ ਨਹੀਂ।
ਕਦੇ ਡਰੇ ਨਹੀਂ, ਕਦੇ ਝੁਕੇ ਨਹੀਂ।
ਹਨੇਰੇ ਮਿਟਾ ਕੇ ਗੁਲਾਮੀ ਦੇ,
ਸੂਰਜ ਆਜ਼ਾਦੀ ਦਾ ਚੜ੍ਹਾ ਗਏ।
ਪ੍ਰਣਾਮ ਕਰੀਏ ਉਹਨਾਂ ਨੂੰ ...



ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਮਾਣ ਏ।
ਦੇਸ਼ ਸਾਡੀ ਆਨ ਏ, ਤੇ ਦੇਸ਼ ਹੀ ਸਾਡੀ ਸ਼ਾਨ ਏ।
ਹੱਸ ਹੱਸ ਕੇ ਫਾਂਸੀ ਦੇ ਰੱਸੇ,
ਗਲ ਵਿਚ ਜੋ ਪਾ ਗਏ।
ਪ੍ਰਣਾਮ ਕਰੀਏ ਉਹਨਾਂ ਨੂੰ ...

'ਸਾਜਨ' ਆਪਾਂ ਹੁਣ ਸਾਰੇ,
ਮਿਲ ਕੇ ਰਹੀਏ ਪਿਆਰਾਂ ਨਾਲ।
ਦੇਸ਼ ਨੂੰ ਖੁਸ਼ਹਾਲ ਬਣਾਈਏ,
ਆਪਣੇ-ਆਪਣੇ ਕਿਰਦਾਰਾਂ ਨਾਲ।
ਸਮਝੀਏ ਉਹਨਾਂ ਫਰਜ਼ਾਂ ਨੂੰ,
ਜੋ ਸਾਡੇ ਜ਼ਿੰਮੇਂ ਲਗਾ ਗਏ।
ਪ੍ਰਣਾਮ ਕਰੀਏ ਉਹਨਾਂ ਨੂੰ ...




- ਪ੍ਰਿਥਵੀ ਉੱਤੇ ਹੁਣ ਤਕ ਪਾਇਆ ਜਾਣ ਵਾਲਾ ਸਭ ਤੋਂ ਵੱਡਾ ਜਾਨਵਰ ਹੈ - ਨੀਲੀ ਵਹੇਲ। ਇਸਦਾ ਭਾਰ ਲਗਭਗ 150 ਟਨ ਹੁੰਦਾ ਹੈ। ਇਹ ਐਨੀ ਲੰਮੀ ਹੁੰਦੀ ਹੈ ਕਿ ਇਸ ਦੀ ਪਿੱਠ ਦੇ ਉੱਤੇ ਇਕ ਕਤਾਰ ਵਿਚ ਹਾਥੀ ਖੜੇ ਹੋ ਸਕਦੇ ਹਨ। ਇਸ ਦੀ ਲੰਬਾਈ 30 ਮੀਟਰ ਤਕ ਹੋ ਸਕਦੀ ਹੈ।
- ਵਹੇਲ ਸ਼ਾਰਕ ਵਿਸ਼ਵ ਦੀ ਸਭ ਤੋਂ ਵੱਡੀ ਮੱਛੀ ਹੈ। ਇਸ ਦੀ ਲੰਬਾਈ 15 ਮੀਟਰ ਅਤੇ ਭਾਰ ਲਗਭਗ 40 ਟਨ ਹੁੰਦਾ ਹੈ।
- ਸ਼ੁਤਰਮੁਰਗ ਵਿਸ਼ਵ ਦਾ ਸਭ ਤੋਂ ਲੰਬਾ ਅਤੇ ਭਾਰੀ ਪੰਛੀ ਹੈ। ਇਸ ਦੀ ਲੰਬਾਈ 2.5 ਮੀਟਰ ਤਕ ਹੁੰਦੀ ਹੈ।
- ਰੇਟਿਕੁਲੇਟਿਨ ਪਾਯਥਨ 10 ਮੀਟਰ ਲੰਬਾ ਹੁੰਦਾ ਹੈ।
- ਗਿਰਗਿਟ ਦੀਆਂ ਅੱਖਾਂ ਇਕ ਦੂਸਰੇ ਤੋਂ ਸਵਤੰਤਰ ਰਹਿ ਕੇ ਵੱਖ-ਵੱਖ ਦਿਸ਼ਾ ਵਿਚ ਵੇਖ ਸਕਦੀਆਂ ਹਨ।
- ਪੈਦਾ ਹੋਣ ਵੇਲੇ ਘੜਿਆਲ ਉਸ ਅੰਡੇ ਤੋਂ ਤਿੰਨ ਗੁਣਾ ਜ਼ਿਆਦਾ ਵੱਡਾ ਹੁੰਦਾ ਹੈ ਜਿਸ ਅੰਡੇ ਤੋਂ ਉਹ ਨਿਕਲਦਾ ਹੈ।
- ਨਰ ਮੱਛਰ ਕਦੇ ਕਿਸੇ ਨੂੰ ਨਹੀਂ ਕੱਟਦਾ, ਕੇਵਲ ਮਾਦਾ ਮੱਛਰ ਹੀ ਕੱਟਦੀ ਹੈ।
- ਕਛੂਆ ਇਕ ਇਹੋ ਜਿਹਾ ਜੀਵ ਹੈ ਜਿਸ ਦੇ ਦੰਦ ਨਹੀਂ ਹੁੰਦੇ।
- ਕੰਗਾਰੂ ਰੇਟ ਇਕ ਇਹੋ ਜਿਹਾ ਪ੍ਰਾਣੀ ਹੈ ਜੋ ਕਦੇ ਪਾਣੀ ਨਹੀਂ ਪੀਂਦਾ।
- ਭਾਲੂ ਇਕ ਇਹੋ ਜਿਹਾ ਪ੍ਰਾਣੀ ਹੈ ਜੋ ਜਨਮ ਤੋਂ ਦੋ ਮਹੀਨੇ ਤਕ ਸੌਂਦਾ ਹੈ ਅਤੇ ਬੱਚਿਆਂ ਦੀ ਤਰ੍ਹਾਂ ਰੋਂਦਾ ਹੈ।
- ਸੇਲਫਿਸ਼ ਨਾਮਕ ਮੱਛੀ 80 ਕਿ.ਮੀ ਪ੍ਰਤਿਘੰਟੇ ਦੀ ਰਫਤਾਰ ਨਾਲ ਤੈਰਦੀ ਹੈ।
- ਡਾਲਫਿਨ ਮਨੁੱਖ ਦੀ ਭਾਸ਼ਾ ਦੀ ਨਕਲ ਕਰ ਸਕਦੀ ਹੈ।
- ਹਾਥੀ ਦੀ ਸੁੰਡ ਵਿਚ 4000 ਹੱਡੀਆਂ ਹੁੰਦੀਆਂ ਹਨ।
- ਘੋੜਾ ਖੜੇ ਖੜੇ ਵੀ ਸੌਂ ਸਕਦਾ ਹੈ।
- ਮਧੂਮੱਖੀਆਂ ਨੂੰ ਇਕ ਕਿੱਲੋ ਸ਼ਹਿਦ ਬਨਾਉਣ ਲਈ 40000 ਫੁੱਲਾਂ ਦਾ ਰਸ ਚੂਸਣਾ ਪੈਂਦਾ ਹੈ।
- ਜਿਰਾਫ ਪ੍ਰਿਥਵੀ ਉੱਤੇ ਪਾਇਆ ਜਾਣ ਵਾਲਾ ਸਭ ਤੋਂ ਲੰਮਾ ਜਾਨਵਰ ਹੈ। ਆਪਣੀ ਲੰਮੀ ਗਰਦਨ ਦੇ ਕਾਰਨ ਇਹ ਦੋ ਮੰਜ਼ਿਲਾ ਇਮਾਰਤ ਦੀ ਉਚਾਈ ਤਕ ਪਹੁੰਚ ਸਕਦਾ ਹੈ। ਇਸ ਦੀ ਲੰਬਾਈ ਲਗਭਗ 5.5 ਮੀਟਰ ਹੁੰਦੀ ਹੈ।
- ਦੋ ਰਿਆਂ ਦੀਆਂ ਧਾਰੀਆਂ ਕਦੇ ਇਕੋ ਜਿਹੀਆਂ ਨਹੀਂ ਹੋ ਸਕਦੀਆਂ। ਉਹਨਾਂ ਦੀਆਂ ਧਰੀਆਂ ਵਿਚ ਭਿੰਨਤਾ ਮਿਲੇਗੀ।
- ਉਡੱਣ ਵਾਲੇ ਸੱਪ ਮਲੇਸ਼ੀਆ ਵਿਚ ਪਾਏ ਜਾਂਦੇ ਹਨ।

ਸੰਗ੍ਰਹਿਕਰਤਾ - ਗੁਰਦੇਵ ਸਿੰਘ



# ਮਿੱਕੀ ਬਾਂਦਰ ਅਤੇ ਸ਼ਿਕਾਰੀ

❑ ਅਮਨਪ੍ਰੀਤ

ਮਿੱਕੀ ਬਾਂਦਰ ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ ਪਰ ਸ਼ਰਾਰਤੀ ਬਹੁਤ ਸੀ। ਉਹ ਆਪਣੇ ਆਪ ਨੂੰ ਬਹੁਤ ਚਲਾਕ ਅਤੇ ਤੇਜ਼ ਦਿਮਾਗ ਵਾਲਾ ਸਮਝਦਾ ਸੀ। ਦੂਸਰਿਆਂ ਨੂੰ ਬੇਵਕੂਫ ਬਣਾ ਕੇ ਆਪ ਉਹ ਮਸਤੀ ਕਰਦਾ ਤੇ ਕਹਿੰਦਾ ਕਿ ਮੇਰੇ ਵਰਗਾ ਤਾਂ ਕੋਈ ਤੇਜ਼ ਦਿਮਾਗ ਵਾਲਾ ਜੰਗਲ ਵਿਚ ਨਹੀਂ ਹੈ ਜਿਸ ਕਾਰਨ ਉਸ ਦੇ ਮਾਤਾ ਪਿਤਾ ਪਰੇਸ਼ਾਨ ਸਨ। ਉਸ ਦੇ ਮਾਤਾ ਪਿਤਾ ਸਮਝਾਉਂਦੇ ਕਿ ਬੇਟੇ ਸ਼ਰਾਰਤਾਂ ਨਾ ਕਰਿਆ ਕਰ ਸਗੋਂ ਸਭ ਦੀ ਸਹਾਇਤਾ ਕਰਿਆ ਕਰ ਪਰ ਮਿੱਕੀ ਮਾਤਾ-ਪਿਤਾ ਦੀ ਗੱਲ ਇਕ ਕੰਨ ਤੋਂ ਸੁਣ ਕੇ ਦੂਜੇ ਕੰਨ ਤੋਂ ਕੱਢ ਦਿੰਦਾ ਸੀ।

ਇਕ ਦਿਨ ਮਿੱਕੀ ਜੰਗਲ ਵਿਚ ਘੁੰਮਦਾ-ਘੁੰਮਦਾ ਆਪਣੇ ਘਰ ਤੋਂ ਕਾਫੀ ਦੂਰ ਨਿਕਲ ਗਿਆ। ਜੰਗਲ ਵਿਚ ਕੁਝ ਸ਼ਿਕਾਰੀ ਆਏ ਹੋਏ ਸਨ। ਉਹਨਾਂ ਨੂੰ ਸਰਕਸ ਲਈ ਜਾਨਵਰਾਂ ਦੀ ਲੋੜ ਸੀ। ਮਿੱਕੀ ਨੇ ਦੇਖਿਆ ਕਿ ਕੁਝ ਸ਼ਿਕਾਰੀ ਇਕ ਥਾਂ ਬੈਠੇ ਹੋਏ ਹਨ। ਸ਼ਿਕਾਰੀਆਂ ਨੇ ਵੀ ਮਿੱਕੀ ਬਾਂਦਰ ਨੂੰ ਦੇਖ ਲਿਆ। ਸ਼ਿਕਾਰੀਆਂ ਨੇ ਇਸ਼ਾਰਾ ਕਰ ਕੇ ਬਹੁਤ ਪਿਆਰ ਨਾਲ ਕੁਝ ਫਲ ਮਿੱਕੀ ਬਾਂਦਰ ਵੱਲ ਰੱਖ ਦਿੱਤੇ ਅਤੇ ਆਪ ਦੂਰ ਬੈਠ ਗਏ। ਮਿੱਕੀ ਡਰਦਾ-ਡਰਦਾ ਗਿਆ ਅਤੇ ਫਲ ਚੁੱਕ ਲਏ। ਇਕ ਸ਼ਿਕਾਰੀ ਨੇ ਆਪਣੇ ਸਿਰ ਤੇ ਟੋਪੀ ਅਤੇ ਐਨਕ ਲਗਾਈ ਹੋਈ ਸੀ ਉਹਨਾਂ ਨੇ ਉਹ ਵੀ ਉਸੇ ਤਰ੍ਹਾਂ ਮਿੱਕੀ ਵੱਲ ਸੁੱਟ ਦਿੱਤੀਆਂ। ਮਿੱਕੀ ਬਾਂਦਰ ਨੇ ਉਹ ਚੁੱਕ ਲਈਆਂ ਅਤੇ ਜਲਦੀ ਨਾਲ ਚੱਲ ਪਿਆ। ਸ਼ਿਕਾਰੀਆਂ ਨੇ ਮਿੱਕੀ ਬਾਂਦਰ ਨੂੰ ਫੜਨ ਦੀ ਕੋਸ਼ਿਸ਼ ਨਾ ਕੀਤੀ ਸਗੋਂ ਜਾਣ ਬੁਝ ਕੇ ਆਪਣਾ ਕੰਮ ਕਰਦੇ ਰਹੇ ਕਿਉਂਕਿ ਉਹਨਾਂ ਨੇ ਕੋਈ ਜਾਲ ਨਹੀਂ ਵਿਛਾਇਆ ਹੋਇਆ ਸੀ। ਉਧੱਰ ਮਿੱਕੀ ਦਿਲੋਂ ਬਹੁਤ ਖੁਸ਼ ਹੋ ਰਿਹਾ ਸੀ ਕਿ ਇਨਸਾਨ ਵੀ ਮੈਥੋਂ ਡਰਦੇ ਹਨ।

ਮਿੱਕੀ ਬਾਂਦਰ ਨੇ ਉਹ ਟੋਪੀ ਅਤੇ ਐਨਕ ਪਹਿਨ ਲਈ ਜਿਸ ਤਰ੍ਹਾਂ ਉਸ ਸ਼ਿਕਾਰੀ ਨੇ ਪਹਿਨੀ ਸੀ। ਮਿੱਕੀ ਆਪਣੇ ਘਰ ਵੱਲ ਆ ਰਿਹਾ ਸੀ। ਜਦੋਂ ਜੰਗਲ ਵਾਸੀਆਂ ਨੇ ਮਿੱਕੀ ਨੂੰ ਦੇਖਿਆ ਤਾਂ ਸਾਰੇ ਉਸ ਨੂੰ ਮਿੱਕੀ ਹੀਰੋ ! ਮਿੱਕੀ ਹੀਰੋ ! ਕਹਿਣ ਲੱਗ ਪਏ। ਮਿੱਕੀ ਬਹੁਤ ਖੁਸ਼ ਹੋ ਰਿਹਾ ਸੀ। ਉਸ ਨੂੰ ਆਪਣੇ ਤੇ ਹੰਕਾਰ ਹੋ ਗਿਆ। ਉਹ ਜਾਨਵਰਾਂ ਨੂੰ ਕਹਿਣ ਲੱਗਾ ਕਿ ਮੈਂ ਪੂਰੇ ਜੰਗਲ ਦਾ ਹੀਰੋ ਹਾਂ। ਮੈਨੂੰ ਸਾਰੇ ਸਲਾਮ ਕਰਿਆ ਕਰੋ। ਜਦੋਂ ਮਿੱਕੀ ਆਪਣੇ ਘਰ ਪਹੁੰਚਿਆ ਤਾਂ ਉਸ ਦੇ ਮਾਤਾ-ਪਿਤਾ ਵੀ ਉਸ ਨੂੰ ਦੇਖ ਕੇ ਹੈਰਾਨ ਹੋਏ।



ਉਹਨਾਂ ਨੇ ਪੁੱਛਿਆ – ਇਹ ਐਨਕ ਅਤੇ ਟੋਪੀ ਕਿਥੋਂ ਲਿਆਇਆ ਏਂ ? ਮਿੱਕੀ ਨੇ ਕਿਹਾ ਕਿ ਇਹ ਮੈਨੂੰ ਮੇਰੇ ਦੂਸਰੇ ਜੰਗਲ ਦੇ ਦੋਸਤ ਨੇ ਸ਼ਹਿਰੋਂ ਲਿਆ ਕੇ ਦਿੱਤੀਆਂ ਹਨ। ਮਿੱਕੀ ਦੇ ਮਾਤਾ-ਪਿਤਾ ਕਾਫੀ ਚਿੰਤਾ ਵਿਚ ਸਨ ਕਿ ਮਿੱਕੀ ਕਿਸੇ ਮੁਸੀਬਤ ਵਿਚ ਨਾ ਫਸ ਜਾਵੇ। ਮਿੱਕੀ ਦੇ ਮਾਤਾ-ਪਿਤਾ ਨੇ ਉਸ ਨੂੰ ਸਮਝਾਇਆ ਕਿ ਬੇਟਾ ਸਾਨੂੰ ਪੁੱਛੇ ਬਿਨਾ ਬਾਹਰ ਨਾ ਜਾਇਆ ਕਰ। ਬਾਹਰ ਬਹੁਤ ਖਤਰਾ ਹੈ ਪਰ ਮਿੱਕੀ ਨੇ ਗੱਲ ਅਣਸੁਣੀ ਕਰ ਦਿੱਤੀ।

ਮਿੱਕੀ ਕਾਫੀ ਸਮਾਂ ਜੰਗਲ ਵਿਚ ਟੋਪੀ ਅਤੇ ਐਨਕ ਲਗਾ ਕੇ ਹੀਰੋ ਦੀ ਤਰ੍ਹਾਂ ਘੁੰਮਦਾ ਰਿਹਾ ਅਤੇ ਕਈਆਂ ਨੂੰ ਤੰਗ ਵੀ ਕਰਦਾ ਰਿਹਾ। ਮਿੱਕੀ ਬਾਂਦਰ ਦਾ ਮਨ ਉਹਨਾਂ ਸ਼ਿਕਾਰੀਆਂ ਵੱਲ ਬਹੁਤ ਜਾ ਰਿਹਾ ਸੀ। ਇਸ ਲਈ ਉਹ ਅਗਲੇ ਦਿਨ ਫਿਰ ਉਹਨਾਂ ਸ਼ਿਕਾਰੀਆਂ ਵੱਲ ਚੱਲ ਪਿਆ। ਉਧਰ ਸ਼ਿਕਾਰੀਆਂ ਨੇ ਵੀ ਜਾਲ ਵਿਛਾਇਆ ਹੋਇਆ ਸੀ। ਉਹ ਬਸ ਮਿੱਕੀ ਬਾਂਦਰ ਦਾ ਇੰਤਜ਼ਾਰ ਕਰ ਰਹੇ ਸਨ। ਉਹਨਾਂ ਨੂੰ ਪਤਾ ਸੀ ਕਿ ਮਿੱਕੀ ਦੁਬਾਰਾ ਫਿਰ ਆਵੇਗਾ। ਮਿੱਕੀ ਬਾਂਦਰ ਜਦੋਂ ਸ਼ਿਕਾਰੀਆਂ ਕੋਲ ਪਹੁੰਚਿਆ ਤਾਂ ਉਹਨਾਂ ਨੇ ਫਿਰ ਖਾਣ ਲਈ ਮਿੱਕੀ ਵੱਲ ਕੁਝ ਰੱਖ ਦਿੱਤਾ। ਮਿੱਕੀ ਨੂੰ ਕੀ ਪਤਾ ਸੀ ਕਿ ਜਾਲ ਵਿਛਿਆ ਹੈ ਉਹ ਤਾਂ ਆਪਣੇ ਆਪ ਨੂੰ ਹੀਰੋ ਸਮਝਦਾ ਸੀ। ਬੇਖੌਫ ਖਾਣ ਵਾਲੀ ਚੀਜ਼ ਵੱਲ ਚੱਲ ਪਿਆ।

ਜਦੋਂ ਮਿੱਕੀ ਬਾਂਦਰ ਉਸ ਖਾਣ ਵਾਲੀ ਚੀਜ਼ ਕੋਲ ਪਹੁੰਚਿਆ ਤਾਂ ਉਹ ਇਕਦਮ ਜਾਲ ਵਿਚ ਫਸ ਗਿਆ। ਉਹ ਕਾਫੀ ਹੱਥ ਪੈਰ ਮਾਰਨ ਲੱਗਾ ਪਰ ਨਿਕਲ ਨਹੀਂ ਪਾਇਆ। ਹੁਣ ਮਿੱਕੀ ਬਹੁਤ ਪਛਤਾਅ ਰਿਹਾ ਸੀ ਕਿ ਆਪਣੇ ਮਾਤਾ-ਪਿਤਾ ਦੀ ਜੇ ਗੱਲ ਮੰਨ ਲੈਂਦਾ ਤਾਂ ਮੈਂ ਜਾਲ ਵਿਚ ਨਾ ਫਸਦਾ।

ਮਿੱਕੀ ਜਾਲ ਵਿਚ ਫਸਿਆ ਰੋ ਰਿਹਾ ਸੀ। ਉਧਰ ਮਾਤਾ-ਪਿਤਾ ਬਹੁਤ ਪਰੇਸ਼ਾਨ ਸਨ ਕਿਉਂਕਿ ਮਿੱਕੀ ਅਜੇ ਤੱਕ ਘਰ ਨਹੀਂ ਪਹੁੰਚਿਆ ਸੀ। ਉਸਦੇ ਮਾਤਾ-ਪਿਤਾ ਮਿੱਕੀ ਨੂੰ ਲੱਭ ਰਹੇ ਸਨ ਪਰ ਉਹ ਕਿਤੇ ਵੀ ਨਹੀਂ ਮਿਲ ਰਿਹਾ ਸੀ। ਕਾਫੀ ਲੱਭਣ ਤੋਂ ਬਾਅਦ ਘਰ ਤੋਂ ਕਾਫੀ ਦੂਰ ਉਹਨਾਂ ਨੂੰ ਮਿੱਕੀ ਰੋਂਦਾ ਦਿਸਿਆ।



ਸ਼ਿਕਾਰੀ ਵੀ ਕੋਲ ਹੀ ਸਨ। ਮਿੱਕੀ ਨੇ ਆਪਣੇ ਮਾਤਾ-ਪਿਤਾ ਨੂੰ ਦੇਖ ਲਿਆ ਪਰ ਉਹ ਕਰ ਵੀ ਕੀ ਸਕਦੇ ਸਨ। ਮਿੱਕੀ ਦੇ ਪਿਤਾ ਨੇ ਉਸ ਨੂੰ ਇਸ਼ਾਰਾ ਕਰ ਕੇ ਹੌਂਸਲਾ ਰੱਖਣ ਲਈ ਕਿਹਾ। ਮਿੱਕੀ ਦੇ ਪਿਤਾ ਦਾ ਇਕ ਬਹਾਦਰ ਚੂਹਾ ਦੋਸਤ ਸੀ। ਉਸ ਨੇ ਉਸ ਨੂੰ ਬੁਲਾ ਲਿਆ ਕਿਉਂਕਿ ਮਿੱਕੀ ਜਾਲ ਵਿਚ ਫਸਿਆ ਸੀ। ਮਿੱਕੀ ਦੇ ਮਾਤਾ-ਪਿਤਾ ਨੇ ਬਹਾਦਰ ਚੂਹੇ ਨੂੰ ਕਿਹਾ ਕਿ ਅਸੀਂ ਸ਼ਿਕਾਰੀਆਂ ਦਾ ਧਿਆਨ ਆਪਣੇ ਵੱਲ ਖਿਚਾਂਗੇ ਤੂੰ ਜਲਦੀ ਨਾਲ ਜਾਲ ਕੱਟ ਦੇ। ਯੋਜਨਾ ਮੁਤਾਬਿਕ ਉਹਨਾਂ ਨੇ ਸ਼ਿਕਾਰੀਆਂ ਦਾ ਧਿਆਨ ਆਪਣੇ ਵੱਲ ਖਿਚਿਆ। ਸ਼ਿਕਾਰੀ ਵੀ ਖੁਸ਼ ਹੋਏ ਕਿ ਉਹਨਾਂ ਨੂੰ ਦੋ ਬਾਂਦਰ ਹੋਰ ਮਿਲ ਜਾਣਗੇ। ਉਹ ਸਾਰੇ ਹੀ ਉਹਨਾਂ ਨੂੰ ਫੜਨ ਲਈ ਪਿੱਛੇ ਜਾਣ ਲੱਗੇ। ਉਧਰ ਮੌਕਾ ਦੇਖ ਕੇ ਬਹਾਦਰ ਚੂਹੇ ਨੇ ਜਾਲ ਕੱਟ ਦਿੱਤਾ ਅਤੇ ਜਲਦੀ ਨਾਲ ਸਾਰੇ ਉਥੋਂ ਭੱਜ ਗਏ। ਸਾਰੇ ਘਰ ਪਹੁੰਚ ਗਏ, ਮਿੱਕੀ ਰੋ ਰਿਹਾ ਸੀ। ਮਿੱਕੀ ਦੇ ਮਾਤਾ ਪਿਤਾ ਨੇ ਉਸ ਨੂੰ ਚੁੱਪ ਕਰਵਾਇਆ। ਮਿੱਕੀ ਨੇ ਉਹਨਾਂ ਤੋਂ ਮੁਆਫੀ ਮੰਗੀ ਕਿ ਅੱਜ ਤੋਂ ਬਾਅਦ ਕਦੇ ਅਜਿਹੀ ਗਲਤੀ ਨਹੀਂ ਕਰਾਂਗਾ। ਮਿੱਕੀ ਦੇ ਮਾਤਾ-ਪਿਤਾ ਨੇ ਕਿਹਾ ਕਿ ਤੂੰ ਗਲਤੀ ਮੰਨ ਲਈ ਹੈ। ਇਹ ਬਹੁਤ ਹੈ। ਉਹਨਾਂ ਨੇ ਬਹਾਦਰ ਚੂਹੇ ਦਾ ਵੀ ਧੰਨਵਾਦ ਕੀਤਾ। ਮਿੱਕੀ ਦਾ ਹੀਰੋ ਵਾਲਾ ਨਾਟਕ ਵੀ ਖਤਮ ਹੋ ਗਿਆ ਸੀ।

ਪਿਆਰੇ ਬੱਚਿਓ ! ਤੁਸੀਂ ਵੀ ਹਮੇਸ਼ਾ ਆਪਣੇ ਮਾਤਾ-ਪਿਤਾ ਦੀ ਗੱਲ ਜ਼ਰੂਰ ਮੰਨਣਾ ਨਹੀਂ ਤਾਂ ਮੁਸੀਬਤ ਵਿਚ ਫੱਸ ਜਾਉਗੇ।

### ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

(1) ਭਗਵਾਨ ਸ੍ਰੀਰਾਮ
(2) ਭੀਮ
(3) ਸਿੱਕਿਮ
(4) ਮਲਯਾਲਮ
(5) ਏ.ਪੀ.ਜੇ ਅਬਦੁਲ ਕਲਾਮ
(6) ਰਿਸ਼ੀ ਗੌਤਮ
(7) ਅਸਮ
(8) ਰੌਮ
(9) ਸਰਵਨਾਮ
(10) ਵੰਦੇਮਾਤਰਮ
(11) ਓਸਿਮਿਯਮ
(12) ਪਰਸ਼ੂਰਾਮ
(13) ਜਿਹਲਮ
(14) ਹੇ ਰਾਮ
(15) ਓਮ੍ਹਿ ।

❑ ਪ੍ਰਿਤਪਾਲ ਸਾਦਿਕ

# ਗਣਤੰਤਰ ਦਿਵਸ ਮਨਾਈਏ

ਬੱਚਿਓ ! ਗਣਤੰਤਰ ਦਿਵਸ ਮਨਾਈਏ,
ਤਿਰੰਗੇ ਅੱਗੇ ਸੀਸ ਝੁਕਾਈਏ।

ਛੱਬੀ ਜਨਵਰੀ ਉਨੀ ਸੌ ਪੰਜਾਹ,
ਦੇਸ਼ ਪਿਆ ਗਣਤੰਤਰ ਦੇ ਰਾਹ।

ਅਸੀਂ ਆਪਣਾ ਸੰਵਿਧਾਨ ਬਣਾਇਆ,
ਲੋਕਤੰਤਰ ਸੀ ਦੇਸ਼ ਬਣਾਇਆ।

ਹਰ ਨਾਗਰਿਕ ਸੀ ਹੋਇਆ ਬਰਾਬਰ,
ਨਾ ਕੋਈ ਮਾਲਕ, ਨਾ ਕੋਈ ਚਾਕਰ।

ਲੋਕਾਂ ਨੂੰ ਮਿਲਿਆ ਵੋਟ ਅਧਿਕਾਰ,
ਲੋਕ ਚੁਣਨ ਆਪਣੀ ਸਰਕਾਰ।

ਰਾਜਪੱਥ ਰੁਸ਼ਨਾਇਆ ਜਾਵੇ,
ਰਾਸਟਰਪਤੀ ਤਿਰੰਗਾ ਲਹਿਰਾਵੇ।

ਵੱਖ-ਵੱਖ ਰਾਜਾਂ ਦਾ ਝਾਕੀ ਦਰਸ਼ਨ,
ਲੋਕੀ ਸੁਣਦੇ ਨੇਤਾਵਾਂ ਦੇ ਭਾਸ਼ਣ।

ਤਿਰੰਗੇ ਦੀ ਹੈ ਸ਼ਾਨ ਨਿਰਾਲੀ,
ਫੌਜਾਂ ਟੁਕੜੀਆਂ ਦੇਣ ਸਲਾਮੀ।

ਰਾਸ਼ਟਰੀ ਗੀਤ ਦੀ ਧੁਨ ਪਿਆਰੀ।
ਗਾਉਂਦੀ ਖੜੀ ਹੋ ਖਲਕਤ ਸਾਰੀ।





# ਰਜਨੀ ਨੇ 'ਵਰਲਡ ਪੁਲਿਸ ਐਂਡ ਫਾਯਰ ਗੇਮਸ' ਵਿਚ ਜਿੱਤੇ ਗੋਲਡ ਸਹਿਤ ਚਾਰ ਮੈਡਲ

ਦਿੱਲੀ, ਅਮਰੀਕਾ ਦੇ ਲਾਸ ਐਂਜਿਲਸ ਵਿਚ 4 ਤੋਂ 17 ਅਗਸਤ ਤਕ ਹੋਏ ' ਵਰਲਡ ਪੁਲਿਸ ਐਂਡ ਫਾਯਰ ਗੇਮਸ' ਵਿਚ ਪੰਜਾਬ ਪੁਲਿਸ ਦੀ ਹਵਲਦਾਰ ਅਤੇ ਪਿੰਡ ਚੰਦਨਭਾਨ ਨਿਵਾਸੀ ਰਜਨੀ ਡੇਨਵਾਲ ਨੇ ਏਯਰ ਰਾਈਫਲ ਸ਼ੂਟਿੰਗ ਮੁਕਾਬਲੇ ਵਿਚ ਚਾਰ ਮੈਡਲ ਜਿੱਤ ਕੇ ਦੇਸ਼ ਦਾ ਨਾਂ ਰੋਸ਼ਨ ਕੀਤਾ।

ਸਤਿਗੁਰੂ ਮਾਤਾ ਸਵਿੰਦਰ ਹਰਦੇਵ ਜੀ ਮਹਾਰਾਜ ਤੋਂ ਰਜਨੀ ਨੂੰ ਅਸ਼ੀਰਵਾਦ ਪ੍ਰਾਪਤ ਹੋਇਆ। ਇਸ ਮੌਕੇ ਉਤੇ ਸਮਾਜ ਕਲਿਆਣ ਵਿਭਾਗ ਦੇ ਇੰਚਾਰਜ ਸ਼੍ਰੀ ਪੀ. ਐਸ. ਚੀਮਾ ਨੇ ਵੀ ਰਜਨੀ ਡੇਨਵਾਲ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਇਸ ਤੋਂ ਪਹਿਲਾਂ ਰਜਨੀ ਦੇ ਜੈਤੋ ਪਹੁੰਚਣ ਤੇ ਪੁਲਿਸ ਵਿਭਾਗ , ਸ਼ਹਿਰਵਾਸੀਆਂ ਅਤੇ ਸਾਰੇ ਪਿੰਡ ਨੇ ਬਹੁਤ ਸੁਹਣਾ ਸੁਆਗਤ ਕੀਤਾ। ਇਸ ਮੌਕੇ ਤੇ ਪੁਲਿਸ ਵਿਭਾਗ ਵੱਲੋਂ ਸਥਾਨਕ ਰੇਲਵੇ ਸਟੇਸ਼ਨ ਉਤੇ ਆਯੋਜਿਤ ਸਮਾਰੋਹ ਵਿਚ ਡੀਐਸਪੀ ਬਲਜਿੰਦਰ ਸਿੰਘ, ਐਸ.ਐਚ.ਓ ਸ਼ਰਮਾ ਅਤੇ ਰਜਨੀ ਦੇ ਕੋਚ ਦਵਿੰਦਰ ਬਾਬੂ ਦੀ ਸਰਪਰਸਤੀ ਵਿਚ ਰਜਨੀ ਅਤੇ ਉਸ ਦੇ ਪਰਿਵਾਰ ਦਾ ਸਨਮਾਨ ਕੀਤਾ ਗਿਆ।

■ ਸ਼ੰਭੂ ਮਸਤਾਨਾ

❑ ਲਖਵਿੰਦਰ ਸੁਮਨ

# ਵਿੱਦਿਆ

## ਬੜੀ ਅਨਮੋਲ



ਵਿੱਦਿਆ ਬੜੀ ਅਨਮੋਲ ਬੱਚਿਓ ਵਿੱਦਿਆ ਬੜੀ ਅਨਮੋਲ।
ਜੋ ਵੀ ਇਸਦੇ ਰੰਗ ਵਿਚ ਰੰਗ ਜਾਏ, ਬਣ ਜਾਂਦਾ ਅਨਮੋਲ।
ਵਿੱਦਿਆ ਬੜੀ ਅਨਮੋਲ...

ਪੜ੍ਹ ਲਿਖ ਕੇ ਹੀ ਮਾਸਟਰ ਬਣਦੇ ਪੜ੍ਹ ਲਿਖ ਕੇ ਹੀ ਡਾਕਟਰ।
ਪੜ੍ਹ ਲਿਖ ਕੇ ਇੰਜੀਨੀਅਰ ਬਣਦੇ, ਪੜ੍ਹ ਲਿਖ ਕੇ ਹੀ ਅਫਸਰ
ਪੜ੍ਹ-ਪੜ੍ਹ ਕੇ ਨੇ ਡਿਗਰੀਆਂ ਲੈਂਦੇ, ਰਹਿੰਦੇ ਨਾ ਅਣਭੋਲ
ਵਿੱਦਿਆ ਬੜੀ ਅਨਮੋਲ...



ਅੱਜ ਵਿਗਿਆਨੀ ਖੋਜਾਂ ਕਰਕੇ, ਅੱਧ ਅਸਮਾਨੀ ਚੜ੍ਹ ਕੇ।
ਚੰਦਰਮਾਂ ਦੀਆਂ ਸੈਰਾਂ ਕਰਦੇ, ਵਿੱਦਿਆ ਦੇ ਹੀ ਸਦਕੇ।
ਅਕਾਸ਼ ਗੰਗਾ ਤੋਂ ਅੱਗੇ ਲੰਘ ਗਏ, ਜਿਥੇ ਐ ਬਲੈਕ ਹੋਲ।
ਵਿੱਦਿਆ ਬੜੀ ਅਨਮੋਲ...

ਖਾਣ-ਪੀਣ ਪਹਿਨਣ ਦੇ ਸਭ, ਸਲੀਕੇ ਸਿਖਣੇ ਪੈਣੇ।
ਉਠਣ-ਬੈਠਣ ਬੋਲਚਾਲ ਵੀ, ਵਿਦਿਆ ਦੇ ਹੀ ਗਹਿਣੇ।
ਇਹ ਅਣਤੋਲੀ ਦਾਤ ਹੈ ਬੱਚਿਓ,
ਇਸ ਦਾ ਨਾ ਕੋਈ ਤੋਲ
ਵਿੱਦਿਆ ਬੜੀ ਅਨਮੋਲ...

ਖੇਤੀਬਾੜੀ ਵਿਚ ਮਾਹਰਕੇ ਵਿੱਦਿਆ ਨੇ ਹੀ ਮਾਰੇ
ਚਿੱਟੀ ਅਤੇ ਹਰੀ ਕ੍ਰਾਂਤੀ ਵਿਚ ਵੀ ਹੰਭਲੇ ਮਾਰੇ।
'ਸੁਮਨ' ਜੋ ਇਸ ਦੀ ਸਾਰ ਨਾ ਜਾਣੇ ਰਹਿੰਦਾ ਢੋਰ ਦਾ ਢੋਰ।
ਵਿੱਦਿਆ ਬੜੀ ਅਨਮੋਲ ...

# ਸਭ ਤੋਂ ਅੱਗੇ
# ਭਾਰਤੀ ਨਾਰੀ

- ★ ਪਹਿਲੀ ਭਾਰਤੀ ਮਹਿਲਾ ਪ੍ਰਧਾਨਮੰਤਰੀ - ਸ਼੍ਰੀਮਤੀ ਇੰਦਰਾ ਗਾਂਧੀ
- ★ ਪਹਿਲੀ ਭਾਰਤੀ ਮਹਿਲਾ ਰਾਸ਼ਟਰਪਤੀ - ਸ਼੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ
- ★ ਪਹਿਲੀ ਮਹਿਲਾ ਰਾਜਪਾਲ - ਸਰੋਜਨੀ ਨਾਇਡੂ
- ★ ਪਹਿਲੀ ਮਹਿਲਾ ਸਪੀਕਰ - ਸ਼ੰਨੋ ਦੇਵੀ
- ★ ਪਹਿਲੀ ਮਹਿਲਾ ਕੇਂਦਰੀ ਮੰਤਰੀ - ਰਾਜਕੁਮਾਰੀ ਅੰਮ੍ਰਿਤ ਕੌਰ
- ★ ਪਹਿਲੀ ਮਹਿਲਾ ਵਿਧਾਨਸਭਾ ਅਧਿਅਕਸ਼ - ਵਿਜੇ ਲਕਸ਼ਮੀ ਪੰਡਿਤ
- ★ ਪਹਿਲੀ ਮਹਿਲਾ ਪਾਇਲਟ - ਸੁਚੇਤਾ ਕ੍ਰਿਪਲਾਨੀ
- ★ ਕਾਂਗ੍ਰੇਸ ਦੀ ਪਹਿਲੀ ਮਹਿਲਾ ਅਧਿਅਕਸ਼ - ਡਾ. ਐਨੀ ਬੇਸੇਂਟ (1917)
- ★ ਐਵਰੈਸਟ ਉਤੇ ਚੜਨ ਵਾਲੀ ਪਹਿਲੀ ਮਹਿਲਾ - ਬਛੇਂਦਰੀ ਪਾਲ (1984)
- ★ ਅੰਤਰਿਕਸ਼ ਵਿਚ ਜਾਣ ਵਾਲੀ ਪਹਿਲੀ ਭਾਰਤੀ ਮਹਿਲਾ - ਕਲਪਨਾ ਚਾਵਲਾ
- ★ ਦਿੱਲੀ ਦੇ ਤਖਤ ਉਤੇ ਬੈਠਣ ਵਾਲੀ ਪਹਿਲੀ ਮਹਿਲਾ - ਰਜ਼ੀਆ ਬੇਗਮ (1236)
- ★ ਪਹਿਲੀ ਮਹਿਲਾ ਵਾਯੁਯਾਨ ਚਾਲਕ - ਦੁਰਗਾ ਬੈਨਰਜੀ
- ★ ਏਸ਼ਿਯਾਡ ਗੋਲਡ ਪਦਕ ਵਿਜੇਤਾ ਪਹਿਲੀ ਮਹਿਲਾ - ਕਮਲਜੀਤ ਸੰਧੂ
- ★ ਉਲੰਪਿਕ ਪਦਕ ਵਿਜੇਤਾ ਪਹਿਲੀ ਮਹਿਲਾ - ਮੱਲੇਸ਼ਵਰੀ
- ★ ਸੁਪਰੀਮਕੋਰਟ ਦੀ ਪਹਿਲੀ ਮਹਿਲਾ ਨਿਆਧੀਸ਼ - ਮੀਰਾ ਸਾਹਿਬ ਫਾਤਿਮਾ ਬੀਬੀ
- ★ ਪਹਿਲੀ ਮਹਿਲਾ ਆਈ.ਪੀ.ਐਸ ਅਧਿਕਾਰੀ - ਕਿਰਣ ਬੇਦੀ

❑ ਭਾਰਤ ਭੂਸ਼ਣ ਸ਼ੁਕਲ

❑ ਦਰਸ਼ਨ ਸਿੰਘ ਕੰਡਾ

# ਮੇਰਾ ਵੀਰਾ



ਮੇਰਾ ਸੋਹਣਾ ਵੀਰ ਪਿਆਰਾ,
ਮੰਮੀ ਦੀ ਅੱਖੀਆਂ ਦਾ ਤਾਰਾ।

ਸਾਰੇ ਇਸ ਨੂੰ ਲਾਡ ਲਡਾਂਦੇ,
ਡੈਡੀ ਵਾਰੇ-ਵਾਰੇ ਜਾਂਦੇ।

ਸਾਡੇ ਘਰ ਦੀ ਸ਼ਾਨ ਹੈ ਵੀਰਾ,
ਪਰਿਵਾਰ ਦੀ ਜਾਨ ਹੈ ਵੀਰਾ।

ਸੋਹਣਾ-ਸੋਹਣਾ ਪਿਆਰਾ-ਪਿਆਰਾ,
ਸੱਚੀ-ਮੁੱਚੀ ਸਭ ਤੋਂ ਨਿਆਰਾ।

ਹੌਲੀ ਜਿਹੀ ਕੋਈ ਗੱਲ ਸੁਣਾਵੇ,
ਬੁੱਲੀਆਂ ਦੇ ਵਿਚੋਂ ਮੁਸਕਾਵੇ।

ਸਾਰੇ ਕਰਦੇ ਪਿਆਰ ਏਸ ਨੂੰ,
ਕਹਿੰਦੇ ਧੰਨ ਨਿਰੰਕਾਰ ਏਸ ਨੂੰ।

ਬਾਲ ਸੰਗਤ ਵਿਚ ਜਦ ਇਹ ਜਾਵੇ,
ਉਥੇ ਵੀ ਪੂਰੀ ਰੌਣਕ ਲਾਵੇ।

ਸੋਹਣੇ-ਸੋਹਣੇ ਗੀਤ ਇਹ ਗਾਵੇ,
ਕਦੇ ਕਦੇ ਕੋਈ ਕਹਾਣੀ ਸੁਣਾਵੇ।

ਜੁਗ-ਜੁਗ ਜੀਵੇ ਮੇਰਾ ਵੀਰਾ,
ਬਣੇ ਮਿਸ਼ਨ ਦਾ ਸੋਹਣਾ ਹੀਰਾ।



❑ ਕਮਲ ਜੈਨ

# ਪਰਉਪਕਾਰ ਵਿਚ ਫਲ ਦੀ ਕਲਪਨਾ

**ਕੰਚਨਪੁਰ** ਵਿਚ ਲਕਸ਼ਮੀ ਨਾਰਾਇਣ ਨਾਂ ਦੇ ਇਕ ਸੇਠ ਰਹਿੰਦੇ ਸਨ। ਉਹ ਸਮਾਜ ਸੇਵਕ ਅਤੇ ਬੜੇ ਚੰਗੇ ਦਿਲ ਦੇ ਮਾਲਿਕ ਸਨ। ਉਹਨਾਂ ਕੋਲ ਦੌਲਤ ਦੀ ਕੋਈ ਕਮੀ ਨਹੀਂ ਸੀ। ਜ਼ਰੂਰਤਮੰਦ ਦੀ ਬਹੁਤ ਮਦਦ ਕਰਦੇ ਸਨ। ਲੋਕ ਦੂਰ-ਦੂਰ ਤੋਂ ਆਪਣੀ ਸਮੱਸਿਆ ਲੈ ਕੇ ਉਹਨਾਂ ਕੋਲ ਆਉਂਦੇ ਸਨ। ਉਹ ਚੁਟਕੀਆਂ ਵਿਚ ਸਭ ਹੱਲ ਕਰ ਦਿੰਦੇ ਸਨ।

ਇਕ ਵਾਰ ਕੁਝ ਲੋਕ ਹਸਪਤਾਲ ਦੇ ਕੰਮ ਲਈ ਉਹਨਾਂ ਕੋਲ ਆਏ ਅਤੇ ਕਹਿਣ ਲੱਗੇ - ਦਵਾਈਆਂ ਲਈ ਕੁਝ ਦਾਨ ਦੇ ਦਿਉ।

ਚੰਦਾ ਲੈਣ ਆਏ ਲੋਕਾਂ ਵਿਚੋਂ ਇਕ ਆਦਮੀ ਨੇ ਕਿਹਾ - ਜੇਕਰ ਤੁਸੀਂ 50 ਹਜ਼ਾਰ ਦਾਨ ਦਿਉਗੇ ਤਾਂ ਤੁਹਾਡਾ ਨਾਂ ਹਸਪਤਾਲ ਦੇ ਦਰਵਾਜੇ ਤੇ ਲੱਗਣ ਵਾਲੇ ਬੋਰਡ ਉਤੇ ਵੱਡੇ-ਵੱਡੇ ਅੱਖਰਾਂ ਵਿਚ ਲਿਖਿਆ ਜਾਵੇਗਾ।

ਇਹ ਸੁਣ ਕੇ ਸੇਠ ਜੀ ਨੇ ਤੁਰੰਤ ਆਪਣੀ ਤਿਜੌਰੀ ਖੋਲ੍ਹੀ ਅਤੇ ਪੈਸੇ ਗਿਣ ਕੇ ਉਹਨਾਂ ਦੇ ਸਾਹਮਣੇ ਰੱਖ ਦਿੱਤੇ। ਫਿਰ ਉਹਨਾਂ ਨੂੰ ਗਿਣਨ ਲਈ ਕਿਹਾ।


ਸਭ ਨੇ ਪੈਸੇ ਗਿਣੇ ਤੇ ਉਹਨਾਂ ਨੂੰ ਪਤਾ ਲੱਗਿਆ ਕਿ 50 ਹਜ਼ਾਰ ਵਿਚ ਇਕ ਰੁਪਈਆ ਘੱਟ ਹੈ। ਉਹਨਾਂ ਨੇ ਸੇਠ ਜੀ ਨੂੰ ਕਿਹਾ - ਸਿਰਫ ਇਕ ਰੁਪਈਆ ਹੋਰ ਦੇਣ ਨਾਲ 50 ਹਜ਼ਾਰ ਰੁਪਏ ਪੂਰੇ ਹੋ ਜਾਣਗੇ।

ਇਹ ਸੁਣ ਕੇ ਸੇਠ ਜੀ ਬੋਲੇ - ਮੇਰੇ ਲਈ ਐਨਾ ਹੀ ਦਾਨ ਉੱਤਮ ਹੈ। ਮੈਂ ਪੂਰੇ 50 ਹਜ਼ਾਰ ਦੇ ਕੇ ਆਪਣਾ ਨਾਂ ਪ੍ਰਚਾਰਿਤ ਨਹੀਂ ਕਰਨਾ ਚਾਹੁੰਦਾ। ਵਿਖਾਵੇ ਵਾਸਤੇ ਕੀਤੇ ਗਏ ਦਾਨ ਦਾ ਮਹੱਤਵ ਖਤਮ ਹੋ ਜਾਂਦਾ ਹੈ। ਮਹੱਤਵ ਹਸਪਤਾਲ ਦੇ ਉਦੇਸ਼ ਦਾ ਰਹਿਣਾ ਚਾਹੀਦਾ ਹੈ ਨਾ ਕਿ ਦਾਨ ਦੇਣ ਵਾਲੇ ਦੇ ਨਾਂ ਦਾ। ਜੇਕਰ ਦਾਨ ਦੇਣ ਵਾਲੇ ਨੂੰ ਪ੍ਰਚਾਰਿਤ ਕੀਤਾ ਜਾਵੇ ਤਾਂ ਨਿਰਧਨ ਵਿਅਕਤੀ ਨੂੰ ਤਿਆਗ ਅਤੇ ਸੇਵਾ ਕਰਨ ਦੀ ਪ੍ਰੇਰਣਾ ਕਿੱਥੋਂ ਮਿਲੇਗੀ? ਸੇਵਾ ਤੋਂ ਮਿਲਣ ਵਾਲਾ ਆਨੰਦ ਪੱਥਰ ਉਤੇ ਨਾਂ ਅੰਕਿਤ ਕਰਨ ਨਾਲ ਨਹੀਂ ਮਿਲੇਗਾ। ਪਰਉਪਕਾਰ ਵਿਚ ਫਲ ਦੀ ਕਲਪਨਾ ਨਹੀਂ ਹੋਣੀ ਚਾਹੀਦੀ ਕਿਉਂਕਿ ਉਹ ਨਿਰਸਵਾਰਥ ਸੇਵਾ ਨਾਲ ਮਿਲਣ ਵਾਲੇ ਸੁਖ ਦੇ ਅਹਿਸਾਸ ਨੂੰ ਖਤਮ ਕਰ ਦਿੰਦੀ ਹੈ।

ਸੇਠ ਜੀ ਦੀ ਇਸ ਗੱਲ ਨਾਲ ਸਭ ਲੋਕ ਬਹੁਤ ਪ੍ਰਭਾਵਿਤ ਹੋਏ ਅਤੇ ਚੰਦਾ ਲੈ ਕੇ ਚਲੇ ਗਏ। ●



# ਰੰਗ ਭਰੋ



ਨਾਂ ................................................................................ਉਮਰ..........

ਪੂਰਾ ਪਤਾ.........................................................................................

.......................................................................................................

.........................................................................................................

# ਨਵੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ :**

ਜਸ਼ਨ ਚਹਿਲ (ਉਮਰ 13 ਸਾਲ)
ਪਿੰਡ - ਹੀਰੋਂ ਖੁਰਦ
ਡਾਕਖਾਨਾ - ਹੋਡਲਾਂ ਕਲਾਂ
ਜਿਲਾ - ਮਾਨਸਾ (ਪੰਜਾਬ)

**ਦੂਸਰਾ ਨੰ :**

ਨਿਰਮਿਤ ਅਹੂਜਾ (ਉਮਰ 12 ਸਾਲ)
ਗਲੀ ਨੰ . 2 ਹਾਊਸ ਨੰ : 52
ਬਾਲਾ ਜੀ ਕਲੋਨੀ
ਫਰੀਦਕੋਟ (ਪੰਜਾਬ) - 151203

**ਤੀਸਰਾ ਨੰ :**

ਸਮਰਥ ਅਹੂਜਾ (ਉਮਰ 10 ਸਾਲ)
ਹਾਊਸ ਨੰ - 73, ਗਣੇਸ਼ ਨਗਰ
ਰਾਜਪੁਰਾ
ਜਿਲਾ - ਪਟਿਆਲਾ (ਪੰਜਾਬ)

## ਪਸੰਦ ਕੀਤੇ ਗਏ -

ਸ਼ਿਵਪ੍ਰੀਤ (ਅਮਰਾਲੀ)
ਨਿਤੀ ਚੰਦਰ (ਲੁਧਿਆਣਾ)
ਸੁਨੀਤਾ (ਨਵਾਂ ਸ਼ਹਿਰ)
ਸ਼ਿਵਮ (ਭਮਾਰਸੀ)
ਵਿਧਿਤ (ਖੁਸ਼ਹਾਲਪੁਰ)
ਯਸ਼ਿਕਾ (ਡੇਰਾ ਬਾਬਾ ਨਾਨਕ)
ਲਾਡੋ ( ਵਿਸ਼ਾਲੀ)
ਨਵਜੀਤ (ਮੋਹਾਲੀ)
ਮਾਨਸੀ (ਨਿਰੰਕਾਰੀ ਕਾਲੋਨੀ)
ਰਾਣੀ (ਦਿੱਲੀ)
ਸੁਖਪ੍ਰੀਤ ਕੌਰ (ਮਲੋਟ)
ਸਿਮਰਨ ਕੌਰ ( ਧਰਮਪੁਰਾ)
ਜਸਜੋਤ ਕੌਰ ( ਕਰਤਾਰ ਨਗਰ)
ਪਰਵੀਨ ਕੌਰ (ਨਾਨਕ ਨਗਰੀ)
ਸੁਖਪ੍ਰੀਤ ਸਿੰਘ (ਮਾਨਸਾ)
ਹੈਵਨ ਸੁਮਨ (ਫਗਵਾੜਾ)
ਭਵਿਤਾ (ਚਵਿੰਡਾ ਦੇਵੀ)
ਸ਼ੁਭਮ (ਪੁਰਹੀਰਾਂ)
ਰਮਾਸ਼ਰਮਾ (ਭਾਗਲਾ)
ਨਿਤਿਨ ਕੰਡਾ (ਤਲਵੰਡੀ ਭਾਈ)




## ਜਨਵਰੀ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਜਨਵਰੀ 2018 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਮਾਰਚ 2018 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ।

15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।


❑ ਨੈਨਤਾਰਾ ਦੀਦੀ

# ਮੱਖੀ ਆਪਣੇ ਪੈਰਾਂ ਨੂੰ ਆਪਸ ਵਿਚ ਕਿਉਂ ਰਗੜਦੀ ਹੈ?



ਮੱਖੀ ਸਭ ਤੋਂ ਪ੍ਰਾਚੀਨ ਕੀੜਾ ਹੈ। ਸੰਸਾਰ ਦੇ ਸਭ ਤੋਂ ਵਧ ਘੁੰਮਣ ਵਾਲੇ ਜੀਵਾਂ ਵਿਚੋਂ ਇਕ ਹੈ ਮੱਖੀ। ਇਸ ਲਈ ਮਨੁੱਖ ਜੀਵਨ ਦੇ ਲਈ ਇਹ ਬਹੁਤ ਵੱਡੀ ਮੁਸੀਬਤ ਹੈ ਕਿਉਂਕਿ ਉਹ ਬਹੁਤ ਹੀ ਪਰੇਸ਼ਾਨ ਕਰਨ ਵਾਲੀ ਆਵਾਜ਼ ਕਰਦੀ ਹੈ। ਜਦੋਂ ਤੁਹਾਡੀ ਚਮੜੀ ਉੱਤੇ ਚਲਦੀ ਹੈ ਤਾਂ ਤੁਹਾਨੂੰ ਬੁਰਾ ਮਹਿਸੂਸ ਹੁੰਦਾ ਹੈ। ਸਦੀਆਂ ਤਕ ਆਦਮੀ ਮੱਖੀ ਨੂੰ ਸਿਰਫ ਮੁਸੀਬਤ ਹੀ ਸਮਝਦਾ ਰਿਹਾ ਪਰ ਵੀਹਵੀਂ ਸ਼ਤਾਬਦੀ ਚ ਆ ਕੇ ਇਨਸਾਨ ਨੂੰ ਪਤਾ ਲੱਗਿਆ ਕਿ ਮਾਸੂਮ ਜਿਹੀ ਦਿਸਣ ਵਾਲੀ ਮੱਖੀ ਉਸ ਦੀ ਸਭ ਤੋਂ ਵੱਡੀ ਅਤੇ ਖਤਰਨਾਕ ਦੁਸ਼ਮਣ ਹੈ ਕਿਉਂਕਿ ਮੱਖੀ ਰੋਗਾਂ ਦੇ ਕੀਟਾਣੂਆਂ ਨੂੰ ਲੈ ਕੇ ਆਉਂਦੀ ਹੈ ਜਿਸ ਕਾਰਣ ਲੱਖਾਂ ਲੋਕ ਹਰ ਸਾਲ ਮਰਦੇ ਹਨ।

ਬੱਚਿਓ ! ਤੁਸੀਂ ਵੇਖਿਆ ਹੋਵੇਗਾ ਕਿ ਮੱਖੀਆਂ ਹਮੇਸ਼ਾ ਦੋਵੇਂ ਪੈਰਾਂ ਨੂੰ ਆਪਸ ਵਿਚ ਰਗੜਦੀਆਂ ਰਹਿੰਦੀਆਂ ਹਨ। ਹੁਣ ਤੁਸੀਂ ਪੁੱਛ ਸਕਦੇ ਹੋ ਕਿ ਉਹ ਇੰਜ ਕਿਉਂ ਕਰਦੀਆਂ ਹਨ? ਇਸ ਦਾ ਸਿੱਧਾ ਜਿਹਾ ਜਵਾਬ ਹੈ ਆਪਣੇ ਆਪ ਨੂੰ ਸਾਫ ਕਰਨ ਦੇ ਲਈ ਜਾਂ ਜੋ ਪਦਾਰਥ ਉਸ ਨੇ ਇਕੱਠਾ ਕੀਤਾ ਹੈ ਉਸ ਨੂੰ ਹਟਾਉਣ ਦੇ ਲਈ। ਉਹ ਪਦਾਰਥ ਬਹੁਤ ਖਤਰਨਾਕ ਵੀ ਹੋ ਸਕਦਾ ਹੈ। ਉਹ ਟਾਈਫਾਈਡ ਬੁਖਾਰ, ਟੀ.ਬੀ ਜਾਂ ਫਿਰ ਪੇਚਿਸ਼ ਵਰਗੀਆਂ ਬੀਮਾਰੀਆਂ ਦਾ ਬੈਕਟੀਰੀਆ ਵੀ ਹੋ ਸਕਦਾ ਹੈ। ਤੁਸੀਂ ਸੋਚਦੇ ਹੋਵੋਂਗੇ ਕਿ ਮੱਖੀ ਨੂੰ ਇਹ ਬੈਕਟੀਰੀਆ ਕਿਥੋਂ ਮਿਲਦੇ ਹਨ? ਤੁਹਾਡੀ ਜਾਣਕਾਰੀ ਲਈ ਦੱਸ ਦੇਵਾਂ ਕਿ ਮੱਖੀਆਂ ਹਮੇਸ਼ਾ ਗੰਦਗੀ ਦੇ ਆਸਪਾਸ ਹੀ ਮੰਡਰਾਉਂਦੀਆਂ ਹਨ ਤਾਂ ਸੁਭਾਵਿਕ ਹੈ ਕਿ ਉਹਨਾਂ ਨੂੰ ਬੈਕਟੀਰੀਆ ਕੂੜੇ ਜਾਂ ਗੰਦੀ ਨਾਲੀ ਚੋਂ ਮਿਲਦੇ ਹਨ। ਫਿਰ ਜਦੋਂ ਮੱਖੀ ਸਾਡੇ ਭੋਜਨ ਨੂੰ ਸਪਰਸ਼ ਕਰਦੀ ਹੈ ਤਾਂ ਬੈਕਟੀਰੀਆ ਉਸ ਵਿਚ ਫੈਲ ਜਾਂਦੇ ਹਨ। ਇਹੋ ਜਿਹੇ ਭੋਜਨ ਨੂੰ ਖਾਣ ਨਾਲ ਅਸੀਂ ਬੀਮਾਰ ਹੋ ਜਾਂਦੇ ਹਾਂ। ਜੇਕਰ ਤੁਸੀਂ ਮੱਖੀ ਨੂੰ ਮੈਗਨੀਫਾਈਂਗ ਗਲਾਸ ਵਿਚ ਵੇਖੋਗੇ ਤਾਂ ਪਤਾ ਲਗੇਗਾ ਕਿ ਉਸ ਦਾ ਸ਼ਰੀਰ ਸਮੂਥ ਜਾਂ ਚਿਕਨਾ ਨਹੀਂ ਹੈ। ਉਸ ਦੇ ਪੂਰੇ ਸ਼ਰੀਰ ਉਤੇ ਘਣੇ ਵਾਲ ਹਨ, ਉਸ ਦੀ ਜੀਭ ਵੀ ਚਿਪਚਿਪੀ ਗੋਂਦ ਨਾਲ ਢੱਕੀ ਹੁੰਦੀ ਹੈ। ਇਸ ਦਾ ਅਰਥ ਇਹ ਹੈ ਕਿ ਜਿਥੇ ਵੀ ਮੱਖੀ ਰੁਕਦੀ ਹੈ, ਚਾਹੇ ਇਕ ਪਲ ਲਈ ਵੀ ਤਾਂ ਖਤਰਨਾਕ ਬੈਕਟੀਰੀਆ ਉਸ ਦੇ ਸ਼ਰੀਰ ਨਾਲ ਚਿਪਕ ਜਾਂਦੇ ਹਨ ਇਸ ਨਾਲ ਬੀਮਾਰੀਆਂ ਫੈਲਦੀਆਂ ਹਨ। ■





❑ ਅਨਿਲ ਸਤੀਜਾ

# ਮੈਂ ਖੀਰ ਨਹੀਂ ਖਾਵਾਂਗਾ

**ਬਗਦਾਦ** ਸ਼ਹਿਰ ਵਿਚ ਹਸ਼ਰਤ ਨਾਮਕ ਇਕ ਨੌਜਵਾਨ ਰਹਿੰਦਾ ਸੀ। ਉਹ ਸੁਭਾਅ ਤੋਂ ਬੜਾ ਆਲਸੀ ਅਤੇ ਜ਼ਿੱਦੀ ਸੀ। ਆਪਣੇ ਬੇਟੇ ਦੇ ਨਿਕੰਮੇਪਨ ਤੋਂ ਮਾਂ-ਪਿਉ ਪਰੇਸ਼ਾਨ ਸਨ।

ਇਕ ਦਿਨ ਹਸ਼ਰਤ ਦੇ ਪਿਤਾ ਨੇ ਉਸ ਨੂੰ ਕਿਹਾ – ਪਤਾ ਨਹੀਂ ਤੇਰੀ ਅਕਲ ਕਦੋਂ ਠਿਕਾਣੇ ਆਏਗੀ। ਅੱਜ-ਕੱਲ ਬਗਦਾਦ ਵਿਚ ਸੰਤ ਖਾਲਿਦ ਹੁਸੈਨ ਆਏ ਹੋਏ ਹਨ। ਤੂੰ ਉਹਨਾਂ ਦਾ ਉਪਦੇਸ਼ ਸੁਣ। ਸ਼ਾਇਦ ਤੇਰੇ ਵਿਚ ਕੁਝ ਸੁਧਾਰ ਆ ਜਾਏ। ਬੜੀ ਆਨਾਕਾਨੀ ਕਰਨ ਤੋਂ ਬਾਅਦ ਹਸ਼ਰਤ ਤਿਆਰ ਹੋਇਆ।

ਅਗਲੇ ਦਿਨ ਸਵੇਰੇ ਹੀ ਉਹ ਉਪਦੇਸ਼ ਸੁਣਨ ਚਲਾ ਗਿਆ। ਖਾਲਿਦ ਹੁਸੈਨ ਦੱਸ ਰਹੇ ਸਨ– ਹਰ ਇਕ ਇਨਸਾਨ ਨੂੰ ਖਾਣਾ-ਪੀਣਾ ਦੇਣ ਵਾਲਾ ਖੁਦਾ ਹੁੰਦਾ ਹੈ। ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਕਿਸ ਨੂੰ ਕੀ ਚਾਹੀਦਾ ਹੈ? ਉਸ ਦੇ ਫੈਸਲੇ ਨੂੰ ਕੋਈ ਤਾਕਤ ਨਹੀਂ ਬਦਲ ਸਕਦੀ। ਉਸਨੂੰ ਜੋ ਮਨਜ਼ੂਰ ਹੈ, ਹੋ ਕੇ ਰਹੇਗਾ।

ਹਸ਼ਰਤ ਉਪਦੇਸ਼ ਸੁਣ ਕੇ ਖਾਲਿਦ ਹੁਸੈਨ ਦੇ ਕੋਲ ਗਿਆ ਅਤੇ ਬੋਲਿਆ – ''ਹਜ਼ਰਤ ਜੀ ! ਹੁਣੇ-ਹੁਣੇ ਤੁਸੀਂ ਜੋ ਗੱਲਾਂ ਕਹੀਆਂ, ਉਹਨਾਂ ਨੂੰ ਜ਼ਰਾ ਖੁੱਲ ਕੇ ਸਮਝਾਉ।

''ਬੇਟਾ ਮਿਸਾਲ ਦੇ ਤੌਰ ਤੇ ਮੈਂ ਤੁਹਾਨੂੰ ਦੱਸਦਾ ਹਾਂ ਕਿ ਜੇਕਰ ਖੁਦਾ ਤੁਹਾਨੂੰ ਕੋਈ ਭੋਜਨ ਖਿਲਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਖਾ ਕੇ ਰਹੋਗੇ। ਉਸਨੂੰ ਰੋਕਣਾ ਕਿਸੇ ਦੇ ਲਈ ਮੁਮਕਿਨ ਨਹੀਂ।''

ਇਹ ਗੱਲ ਹੈ? ਤਾਂ ਦੱਸੋ ਕਿ ਅੱਜ ਖੁਦਾ ਦੀ ਮਰਜ਼ੀ ਨਾਲ ਮੈਂ ਕੀ ਖਾਣ ਵਾਲਾ ਹਾਂ? – ਹਸ਼ਰਤ ਨੇ ਮਜ਼ਾਕ ਕਰਦੇ ਹੋਏ ਕਿਹਾ।

ਖਾਲਿਦ ਵੀ ਪਹੁੰਚੇ ਹੋਏ ਸੰਤ ਸਨ। ਆਪਣੀ ਮੁਸਕਾਨ ਜਾਰੀ ਰੱਖਦੇ ਹੋਏ ਉਹਨਾਂ ਨੇ ਦੱਸਿਆ – ਅੱਜ ਤਾਂ ਤੇਰੇ ਚਿਹਰੇ ਉਤੇ ਇਹ ਲਿਖਿਆ ਹੈ ਕਿ ਤੂੰ ਜ਼ਰੂਰ ਖੀਰ ਖਾਏਂਗਾ।

ਨਾ ਖਾਵਾਂ ਤੇ?

ਤੂੰ ਸ਼ੱਕ ਨਾ ਕਰ, ਅੱਜ ਤੂੰ ਜਰੂਰ ਖਾਏਂਗਾ।

ਜੇ ਨਾ ਖਾਣਾ ਚਾਹਵਾਂ ਤਾਂ ਵੀ?

ਚਾਹੋ ਜਾਂ ਨਾ ਚਾਹੋ , ਤੂੰ ਖੀਰ ਖਾਣ ਤੋਂ ਬੱਚ ਨਹੀਂ ਸਕਦਾ।

ਮੈਂ ਨਹੀਂ ਖਾਵਾਂਗਾ। ਵੇਖਦਾ ਹਾਂ ਖੁਦਾ ਮੈਨੂੰ ਕਿਵੇਂ ਖਵਾਉਂਦਾ ਹੈ?

ਜੇਕਰ ਖਾ ਲਈ ਤਾਂ?

ਤਾਂ ਤੁਹਾਡੇ ਉਪਦੇਸ਼ ਦੀ ਹਰ ਗੱਲ ਮੰਨਾਂਗਾ ਅਤੇ ਜੋ ਅੰਮਾ-ਅੱਬਾ ਚਾਹੁੰਦੇ ਹਨ ਉਹ ਹੀ ਕਰਾਂਗਾ।

– ਠੀਕ ਹੈ। – ਕਹਿ ਕੇ ਖਾਲਿਦ ਮੁਸਕੁਰਾ ਕੇ ਇਬਾਦਤ ਕਰਨ ਲੱਗੇ।

ਹਜ਼ਰਤ ਨੇ ਵਾਪਸ ਆਉਂਦੇ ਹੋਏ ਸੋਚਿਆ ਕਿ ਘਰ ਪਹੁੰਚਣ ਤੇ ਉਸ ਦੀ ਅੰਮਾਂ ਉਸਨੂੰ ਖੀਰ ਬਣਾ ਕੇ ਖਿਲਾ ਸਕਦੀ ਹੈ, ਜਾਂ ਕੋਈ ਪੜੋਸੀ ਜਾਂ ਦੋਸਤ ਉਸ ਨੂੰ ਖੀਰ ਖਿਲਾ ਸਕਦਾ ਹੈ।

ਇਹ ਸੋਚ ਕੇ ਉਹ ਸ਼ਹਿਰ ਤੋਂ ਬਾਹਰ ਰੇਗਿਸਤਾਨ ਵਲ ਚੱਲ ਪਿਆ। ਉਸ ਨੇ ਪੂਰਾ ਦਿਨ ਰੇਗਿਸਤਾਨ ਵਿਚ ਬਿਤਾਉਣ ਦੀ ਸੋਚੀ। ਚਲਦੇ-ਚਲਦੇ ਉਹ ਕੁਝ ਰੁੱਖਾਂ ਦੀ ਛਾਂ ਹੇਠ ਪਹੁੰਚਿਆ। ਉਸੇ ਸਮੇਂ ਉਸ ਨੂੰ ਡਰ ਲਗਿਆ ਕਿ ਆਉਂਦੇ ਜਾਂਦੇ ਕਈ ਮੁਸਾਫਿਰ ਉਸਨੂੰ ਖੀਰ ਖਾਣ ਲਈ ਕਹਿ ਸਕਦੇ ਹਨ। ਉਹ ਛੇਤੀ ਹੀ ਰੁੱਖ ਉਤੇ ਚੜ ਗਿਆ ਅਤੇ ਪੱਤਿਆਂ ਦੇ ਵਿਚਕਾਰ ਬੈਠ ਗਿਆ।

ਇਕ ਘੰਟੇ ਬਾਅਦ ਇਕ ਛੋਟਾ ਜਿਹਾ ਕਾਫਿਲਾ ਉਥੇ ਆ ਕੇ ਰੁਕਿਆ। ਰੁੱਖਾਂ ਦੀ ਛਾਂ ਵੇਖਦੇ ਹੀ ਥੱਕੇ ਹੋਏ ਲੋਕਾਂ ਵਿਚ ਜਾਨ ਆ ਗਈ। ਕਾਫਿਲੇ ਦੇ ਲੋਕ ਉਹਨਾਂ ਰੁੱਖਾਂ ਥੱਲੇ ਬੈਠ ਗਏ। ਖਾਣ ਦਾ ਸਮਾਂ ਹੋ ਗਿਆ। ਉਹਨਾਂ ਨੇ ਊਠਾਂ ਨੂੰ ਰੁੱਖਾਂ ਨਾਲ ਬੰਨ ਦਿੱਤਾ।

ਕਾਫਿਲੇ ਦੇ ਲੋਕਾਂ ਨੇ ਤਰ੍ਹਾਂ ਤਰ੍ਹਾਂ ਦੇ ਪਕਵਾਨ ਬਨਾਉਣ ਦਾ ਸੁਝਾਅ ਦਿੱਤਾ ਪਰ ਆਖਿਰ ਵਿਚ ਖੀਰ ਬਨਾਉਣ ਲਈ ਤਿਆਰ ਹੋਏ। ਛੇਤੀ ਹੀ ਚੁਲ੍ਹਾ ਬਾਲ ਕੇ ਖੀਰ ਬਨਾਉਣ ਲਈ ਪਤੀਲਾ ਚੜ੍ਹਾਇਆ। ਥੋੜੀ ਹੀ ਦੇਰ ਵਿਚ ਖੀਰ ਬਣ ਗਈ। ਸਾਰੇ ਲੋਕ ਖੀਰ ਖਾਣ ਦੀ ਤਿਆਰੀ ਵਿਚ ਲਗ ਗਏ। ਖੀਰ ਬਣਦੀ ਵੇਖ ਕੇ ਹਜ਼ਰਤ ਨੇ ਨੱਕ ਚੜ੍ਹਾਇਆ ਅਤੇ ਰੁੱਖ ਤੇ ਹੀ ਛੁਪਣ ਵਿਚ ਸਲਾਮਤੀ ਸਮਝੀ।

ਅਚਾਨਕ ਕਾਫਿਲੇ ਦੇ ਕੁਝ ਲੋਕਾਂ ਨੂੰ ਥੋੜੀ ਦੂਰ ਰੇਤ ਦਾ ਗੁਬਾਰ ਜਿਹਾ ਉਡੱਦਾ ਨਜ਼ਰ ਆਇਆ।

ਉਹੋ ! ਰੇਗਿਸਤਾਨੀ ਡਾਕੂਆਂ ਦਾ ਗਿਰੋਹ, ਭੱਜੋ- ਉਹਨਾਂ ਨੇ ਰੌਲਾ ਪਾਇਆ। ਸਾਰਿਆਂ ਨੇ ਆਪਣਾ ਸਮਾਨ ਊਠਾਂ ਉਤੇ ਰੱਖਿਆ ਅਤੇ ਭੱਜ ਗਏ। ਹਜ਼ਰਤ ਡਰ ਦੇ ਮਾਰੇ ਰੁੱਖ ਉਤੇ ਹੀ ਬੈਠਾ ਰਿਹਾ। ਕੁਝ ਹੀ ਪਲਾਂ ਬਾਅਦ ਡਾਕੂਆਂ ਦਾ ਗਿਰੋਹ ਆ ਗਿਆ। ਉਹਨਾਂ ਨੂੰ ਉਥੇ ਕੋਈ ਨਾ ਦਿਸਿਆ। ਖੀਰ ਦਾ ਪਤੀਲਾ ਉਬਲ ਰਿਹਾ ਸੀ। ਲੁਟੇਰੇ ਭੁੱਖੇ ਸਨ। ਖੀਰ ਵੇਖਦੇ ਹੀ ਖੁਸ਼ ਹੋ ਗਏ।

– ਠਹਿਰੋ ! ਇਸ ਖੀਰ ਨੂੰ ਨਾ ਖਾਉ। ਕੋਈ ਐਨੀ ਖੀਰ ਇਕੱਠੀ ਬਣਾ ਕੇ ਕਿਵੇਂ ਛੱਡ ਸਕਦਾ ਹੈ? ਜਰੂਰ ਸਾਨੂੰ ਮਾਰਨ ਲਈ ਇਸ ਵਿਚ ਜਹਿਰ ਮਿਲਾ ਦਿੱਤਾ ਹੋਏਗਾ – ਸਰਦਾਰ ਨੇ ਕਿਹਾ।

– ਤੁਸੀਂ ਠੀਕ ਕਹਿੰਦੇ ਹੋ ਸਰਦਾਰ ! ਸਾਨੂੰ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਜਰੂਰ ਇਕ ਆਦਮੀ ਨੂੰ ਇਥੇ ਛੱਡ ਗਏ ਹੋਣਗੇ ਤਾਂਕਿ ਉਹ ਸਾਡੀ ਮੌਤ ਦੀ ਸੂਚਨਾ ਦੇ ਸਕੇ – ਇਕ ਲੁਟੇਰੇ ਨੇ ਕਿਹਾ।

– ਉਸ ਆਦਮੀ ਨੂੰ ਲੱਭੋ। ਇਥੇ ਹੀ ਕਿਤੇ ਲੁਕਿਆ ਹੋਏਗਾ।





ਉਹਨਾਂ ਨੇ ਲੱਭਣਾ ਸ਼ੁਰੂ ਕੀਤਾ। ਉਹਨਾਂ ਵਿਚੋਂ ਇਕ ਨੇ ਸ਼ੋਰ ਮਚਾਇਆ - ਔਹ ਵੇਖੋ ਇਕ ਆਦਮੀ ਰੁੱਖ ਉਤੇ ਛੁਪਿਆ ਬੈਠਾ ਹੈ।

ਦੋ ਲੁਟੇਰਿਆਂ ਨੇ ਜਬਰਦਸਤੀ ਹਸ਼ਰਤ ਨੂੰ ਰੁੱਖ ਤੋਂ ਥੱਲੇ ਉਤਾਰਿਆ।

- ਆਉ ਭਾਈ, ਜਰਾ ਇਹ ਖੀਰ ਖਾ ਲਉ - ਸਰਦਾਰ ਨੇ ਉਸ ਨੂੰ ਕਿਹਾ।

- ਬਿਲਕੁਲ ਨਹੀਂ, ਭਾਵੇਂ ਜਾਨ ਲੈ ਲਉ - ਹਸ਼ਰਤ ਨੇ ਜਵਾਬ ਦਿੱਤਾ।

ਹੁਣ ਤਾਂ ਸਾਰਿਆਂ ਦਾ ਸ਼ੱਕ ਯਕੀਨ ਵਿਚ ਬਦਲ ਗਿਆ।

ਲੱਗਦਾ ਹੈ ਇਸ ਨੇ ਜਾਂ ਇਸ ਦੇ ਸਾਥੀਆਂ ਨੇ ਜਹਿਰ ਵਾਲੀ ਖੀਰ ਬਣਾਈ ਹੈ, ਇਸ ਦੀ ਸਜਾ ਇਹ ਹੀ ਹੈ ਕਿ ਇਸ ਨੂੰ ਖੀਰ ਜਬਰਦਸਤੀ ਖਿਲਾ ਕੇ ਮਾਰ ਦਿੱਤਾ ਜਾਏ - ਸਰਦਾਰ ਨੇ ਐਲਾਨ ਕੀਤਾ।

ਮੈਨੂੰ ਤੰਗ ਨਾ ਕਰੋ, ਮੈਂ ਖੀਰ ਨਹੀਂ ਖਾਵਾਂਗਾ - ਹਸ਼ਰਤ ਅੜ ਗਿਆ।

ਤਿੰਨ ਲੁਟੇਰਿਆਂ ਨੇ ਹਸ਼ਰਤ ਦੇ ਹੱਥ-ਪੈਰ ਫੜ ਲਏ, ਪਤੀਲੇ ਵਿਚੋਂ ਖੀਰ ਕੱਢ ਕੇ ਕੌਲੀ ਵਿਚ ਪਾਈ ਗਈ ਅਤੇ ਜਬਰਦਸਤੀ ਹਸ਼ਰਤ ਦੇ ਮੂੰਹ ਵਿਚ ਪਾ ਦਿੱਤੀ ਗਈ।

ਤਿੰਨ ਚਾਰ ਕਟੋਰੇ ਖੀਰ ਜਬਰਦਸਤੀ ਖਾਣ ਅਤੇ ਲੁਟੇਰਿਆਂ ਦੁਆਰਾ ਮਾਰਨ-ਪਿੱਟਣ ਨਾਲ ਹਸ਼ਰਤ ਥੱਕ ਕੇ ਬੇਹੋਸ਼ ਹੋ ਗਿਆ।

- ਉਹੋ ! ਲੱਗਦਾ ਹੈ ਮਰ ਗਿਆ। ਖੀਰ ਵਿਚ ਜਹਿਰ ਸੀ। ਹੋ ਸਕਦਾ ਹੈ ਇਸ ਦੇ ਸਾਥੀ ਸਾਡੇ ਉਤੇ ਹਮਲਾ ਕਰ ਦੇਣ। ਇਥੋਂ ਭੱਜੋ ਸਾਰੇ - ਸਰਦਾਰ ਨੇ ਕਿਹਾ।

ਸਾਰੇ ਡਾਕੂ ਹਸ਼ਰਤ ਨੂੰ ਉਥੇ ਛੱਡ ਕੇ ਭੱਜ ਗਏ।

ਕੁਝ ਦੇਰ ਬਾਅਦ ਜਦੋਂ ਕੱਲ੍ਹੇ ਹਸ਼ਰਤ ਨੂੰ ਹੋਸ਼ ਆਇਆ ਤਾਂ ਉਸ ਨੂੰ ਚੰਗੀ ਅਕਲ ਆ ਗਈ ਸੀ। ਖਾਲਿਦ ਸਾਹਿਬ ਨੇ ਠੀਕ ਹੀ ਕਿਹਾ ਸੀ। ਹੁਣ ਨਿਕੰਮਾਪਨ ਛੱਡ ਕੇ ਅੱਬਾ ਦੀ ਤਰ੍ਹਾਂ ਮਿਹਨਤ ਕਰਾਂਗਾ। ਉਹਨਾਂ ਨੂੰ ਖੁਸ਼ ਰੱਖਾਂਗਾ। ਇਹ ਹੀ ਸੋਚਦੇ-ਸੋਚਦੇ ਹਸ਼ਰਤ ਘਰ ਵਲ ਤੁਰ ਪਿਆ।

ਪਿਆਰੇ ਬੱਚਿਉ ! ਕਦੇ ਵੀ ਨਿਕੰਮੇ ਅਤੇ ਆਲਸੀ ਨਹੀਂ ਬਣਨਾ ਚਾਹੀਦਾ।



# ਨਿੰਬੂ

❑ ਨੀਤੂ ਅਸ਼ੋਕ

## ਤੰਦਰੁਸਤੀ ਅਤੇ ਸੁੰਦਰਤਾ ਵਧਾਉਂਦਾ ਹੈ

ਨਿੰਬੂ ਆਕਾਰ ਵਿਚ ਛੋਟਾ ਅਤੇ ਗੋਲ ਹੁੰਦਾ ਹੈ। ਰਸ ਨਾਲ ਭਰਪੂਰ ਨਿੰਬੂ ਵਿਚ ਵਿਟਾਮਿਨ 'ਸੀ' ਦੀ ਭਰਮਾਰ ਹੁੰਦੀ ਹੈ। ਨਿੰਬੂ ਗਰਮ ਦੇਸ਼ਾਂ ਵਿਚ ਆਸਾਨੀ ਨਾਲ ਪਾਇਆ ਜਾਂਦਾ ਹੈ। ਨਿੰਬੂ ਭੁੱਖ ਵਧਾਉਣ ਵਿਚ ਸਹਾਇਕ ਹੁੰਦਾ ਹੈ ਅਤੇ ਖੂਨ ਸਾਫ ਕਰਦਾ ਹੈ। ਕਹਿੰਦੇ ਹਨ ਨਿੰਬੂ ਵਿਚ ਛੁਪਿਆ ਹੈ ਖਜ਼ਾਨਾ ਸੁੰਦਰਤਾ ਅਤੇ ਸਿਹਤ ਦਾ।

1) ਸਵੇਰ ਵੇਲੇ ਬੈਡੱ ਟੀਅ ਦੇ ਰੂਪ ਵਿਚ ਨਿੰਬੂ ਵਾਲੀ ਕਾਲੀ ਚਾਹ ਪੀਣ ਨਾਲ ਮੋਟਾਪਾ ਘੱਟ ਹੁੰਦਾ ਹੈ।
2) ਨਹਾਉਣ ਤੋਂ ਪਹਿਲਾਂ ਕੂਹਣੀਆਂ ਅਤੇ ਗੋਡਿਆਂ ਤੇ ਨਿੰਬੂ ਦਾ ਰਸ ਲਗਾ ਕੇ ਨਿੰਬੂ ਦੀਆਂ ਛਿੱਲਾਂ ਨਾਲ ਰਗੜ ਕੇ ਸਾਫ ਕਰਨ ਨਾਲ ਕੂਹਣੀਆਂ ਅਤੇ ਗੋਡਿਆਂ ਦੀ ਕਾਲਖ ਸਾਫ ਹੋ ਕੇ ਚਮੜੀ ਗੁਲਾਬੀ ਹੁੰਦੀ ਹੈ।
3) ਭੁੱਖ ਨਾ ਲੱਗਣ ਤੇ ਨਿੰਬੂ ਨੂੰ ਅੱਧਾ ਕੱਟ ਕੇ ਨਮਕ ਅਤੇ ਪੀਸੀ ਕਾਲੀ ਮਿਰਚ ਲਗਾਉ ਅਤੇ ਹੌਲੀ-ਹੌਲੀ ਚੂਸੋ।
4) ਇਕ ਚਮਚ ਨਿੰਬੂ ਦਾ ਰਸ ਇਕ ਚਮਚ ਮੁਲਤਾਨੀ ਮਿੱਟੀ, ਅੱਧਾ ਚਮਚ ਚੰਦਨ ਪਾਊਡਰ, ਦੋ ਚਮਚ ਗੁਲਾਬ ਜਲ ਵਿਚ ਸਭ ਚੀਜ਼ਾਂ ਮਿਲਾ ਲਓ। ਫਿਰ ਇਸ ਨੂੰ ਚਿਹਰੇ ਅਤੇ ਧੌਣ ਤੇ ਲਗਾਉ ਅਤੇ ਸੁੱਕਣ ਤਕ ਛੱਡ ਦਿਉ। ਬਾਅਦ ਵਿਚ ਤਾਜ਼ੇ ਪਾਣੀ ਨਾਲ ਧੋ ਲਉ। ਚਮੜੀ ਨਿਖਰੀ-ਨਿਖਰੀ ਲਗੇਗੀ।
5) ਸਨਬਰਨ ਤੋਂ ਆਪਣੀ ਚਮੜੀ ਨੂੰ ਬਚਾਉਣ ਲਈ ਬਾਹਰ ਜਾਣ ਤੋਂ ਪਹਿਲਾਂ ਗੁਲਾਬ ਜਲ ਵਿਚ ਗਲਿਸਰੀਨ ਦੀਆਂ ਕੁਝ ਬੂੰਦਾਂ ਅਤੇ ਨਿੰਬੂ ਦਾ ਰਸ ਮਿਲਾ ਕੇ ਲਗਾਉ। ਚਮੜੀ ਵਿਚ ਸੀਤਲਤਾ ਬਰਕਰਾਰ ਰਹਿੰਦੀ ਹੈ ਅਤੇ ਸਨਬਰਨ ਦਾ ਪ੍ਰਭਾਵ ਵੀ ਨਹੀਂ ਪੈਂਦਾ।
6) ਹਰ ਰੋਜ਼ ਕੋਸੇ ਪਾਣੀ ਵਿਚ ਖਾਲੀ ਪੇਟ ਨਿੰਬੂ ਨਿਚੋੜ ਕੇ ਪੀਉ। ਵਾਧੂ ਚਰਬੀ ਘੱਟ ਹੋ ਜਾਵੇਗੀ।
7) ਚਮੜੀ ਦੇ ਫਟ ਜਾਣ ਤੇ ਨਿੰਬੂ ਦਾ ਰਸ ਅਤੇ ਗਲਿਸਰੀਨ ਲਗਾਉ। ਚਮੜੀ ਕੋਮਲ ਬਣੀ ਰਹੇਗੀ।





ਬਾਲ ਕਹਾਣੀ - ਸੁਰਿੰਦਰ ਕੌਰ 'ਰੋਮੀ'

# ਮਿੱਕੀ ਦੀ ਸਿਆਣਪ

ਇਕ ਸੰਘਣੇ ਜੰਗਲ ਵਿਚ ਛੋਟੇ-ਛੋਟੇ ਖਰਗੋਸ਼ ਰਹਿੰਦੇ ਸਨ। ਉਸ ਜੰਗਲ ਵਿਚ ਹਰਾ-ਹਰਾ ਘਾਹ ਸੀ। ਉਸ ਸੰਘਣੇ ਜੰਗਲ ਵਿਚ ਡਰਦਾ ਕੋਈ ਇਨਸਾਨ ਵੀ ਨਹੀਂ ਸੀ ਜਾਂਦਾ। ਬਿਨਾ ਕਿਸੇ ਡਰ ਦੇ ਉਹ ਖਰਗੋਸ਼ ਮਜ਼ੇ ਨਾਲ ਰਹਿ ਰਹੇ ਸਨ ਪਰ ਇਕ ਦਿਨ ਇਕ ਭਿਆਨਕ ਆਵਾਜ਼ ਨੇ ਉਹਨਾਂ ਨੂੰ ਡਰਾ ਦਿੱਤਾ। ਇਕ ਖਰਗੋਸ਼ ਬੋਲਿਆ - ਇਹ ਡਰਾਉਣੀ ਆਵਾਜ਼ ਕਿਸ ਦੀ ਹੈ? ਜਰਾ ਘੁਰਨੇ ਵਿਚੋਂ ਨਿਕਲ ਕੇ ਪਤਾ ਤਾਂ ਕਰੋ। ਦੂਸਰੇ ਨੇ ਕਿਹਾ - ਨਾ ਬਾਬਾ ਮੈਨੂੰ ਤੇ ਡਰ ਲਗਦਾ ਹੈ। ਤੂੰ ਹੀ ਜਾਹ। ਫਿਰ ਉਹਨਾਂ ਨੇ ਇਕ ਹੋਰ ਆਵਾਜ਼ ਸੁਣੀ। ਸਾਰੇ ਖਰਗੋਸ਼ ਡਰ ਦੇ ਮਾਰੇ ਸਹਿਮ ਗਏ। ਤਦ ਹਿੰਮਤ ਕਰ ਕੇ ਇਕ ਖਰਗੋਸ਼ ਘੁਰਨੇ ਵਿਚੋਂ ਬਾਹਰ ਨਿਕਲਿਆ। ਘੁਰਨੇ ਦੇ ਬਾਹਰ ਗਰਦਨ ਹੀ ਰੱਖੀ ਸੀ ਕਿ ਉਸ ਦੀ ਚੀਖ ਨਿਕਲ ਗਈ। ਉਹ ਜਲਦੀ ਨਾਲ ਘੁਰਨੇ ਵਿਚ ਵੜ ਗਿਆ। ਸਾਰੇ ਖਰਗੋਸ਼ਾਂ ਨੇ ਘਬਰਾਈ ਆਵਾਜ਼ ਵਿਚ ਪੁੱਛਿਆ - ਕੌਣ ਹੈ ਬਾਹਰ?

ਖਰਗੋਸ਼ ਘਬਰਾਇਆ ਹੋਇਆ ਬੋਲਿਆ - ਬਾਹਰ ਬਹੁਤ ਤਗੜਾ ਸ਼ੇਰ ਬੈਠਾ ਹੈ। ਉਸ ਦੀਆਂ ਲਾਲ ਅੱਖਾਂ ਵੇਖ ਕੇ ਮੇਰੇ ਤਾਂ ਸਾਹ ਸੁੱਕ ਗਏ ਹਨ। ਅਚਾਨਕ ਇਕ ਖਰਗੋਸ਼ ਬਾਹਰ ਨਿਕਲ ਕੇ ਘੁੰਮ ਰਿਹਾ ਸੀ ਕਿ ਸ਼ੇਰ ਨੇ ਉਸ ਨੂੰ ਦਬੋਚ ਲਿਆ ਤੇ ਉਥੋਂ ਚਲਾ ਗਿਆ। ਆਪਣੇ ਇਕ ਸਾਥੀ ਦੇ ਸ਼ੇਰ ਦੇ ਮੂੰਹ ਵਿਚ ਚਲੇ ਜਾਣ ਕਰ ਕੇ ਬਾਕੀ ਖਰਗੋਸ਼ ਘਬਰਾ ਗਏ। ਸਾਰੇ ਖਰਗੋਸ਼ ਹਰ ਵਕਤ ਸਹਿਮੇ-ਸਹਿਮੇ ਰਹਿਣ ਲੱਗੇ। ਉਹ ਥੋੜੀ ਜਿਹੀ ਆਵਾਜ਼ ਤੋਂ ਵੀ ਡਰ ਜਾਂਦੇ। ਸ਼ੇਰ ਰੋਜ਼ ਆਉਂਦਾ ਤੇ ਕਿਸੇ ਨਾ ਕਿਸੇ ਖਰਗੋਸ਼ ਨੂੰ ਦਬੋਚ ਲੈਂਦਾ।

ਇਸ ਤਰ੍ਹਾਂ ਆਪਣੀ ਗਿਣਤੀ ਘਟਦੀ ਦੇਖ ਕੇ ਖਰਗੋਸ਼ਾਂ ਨੇ ਇਕ ਮੀਟਿੰਗ ਬੁਲਾਈ। ਸਾਰਿਆਂ ਨੇ ਆਪਣੀ-ਆਪਣੀ ਸਲਾਹ ਦਿੱਤੀ। ਸਾਰੇ ਰਲ ਕੇ ਕਹਿਣ ਲੱਗੇ ਕਿ ਸ਼ੇਰ ਦਾ ਆਪਸ ਚ ਰਲ ਕੇ ਮੁਕਾਬਲਾ ਕਰੀਏ। ਜਦੋਂ ਮੁਕਾਬਲਾ ਕਰਨ ਦੀ ਗੱਲ ਆਈ ਤਾਂ ਸਾਰੇ ਚੁੱਪ ਹੋ ਗਏ। ਮੌਤ ਦੇ ਮੂੰਹ ਵਿਚ ਜਾਣ ਲਈ ਕੋਈ ਤਿਆਰ ਨਹੀਂ ਸੀ।

ਥੋੜੇ ਦਿਨਾਂ ਬਾਅਦ ਦੂਸਰੇ ਜੰਗਲ ਵਿਚੋਂ ਇਕ ਮਿੱਕੀ ਨਾਂ ਦਾ ਖਰਗੋਸ਼ ਆਇਆ। ਉਹ ਉਸ ਜੰਗਲ ਵਿਚ ਰਹਿਣ ਵਾਲੇ ਸਾਰੇ ਖਰਗੋਸ਼ਾਂ ਦਾ ਸਰਦਾਰ ਸੀ। ਉਹਨਾਂ ਖਰਗੋਸ਼ਾਂ ਨੂੰ ਡਰੇ



ਹੋਏ ਵੇਖ ਕੇ ਮਿੱਕੀ ਖਰਗੋਸ਼ ਨੇ ਪੁੱਛਿਆ ਕੀ ਗੱਲ ਹੈ? ਤੁਸੀਂ ਡਰੇ ਹੋਏ ਕਿਉਂ ਹੋ? ਕੀ ਕੋਈ ਮੁਸੀਬਤ ਆ ਗਈ ਹੈ? ਖਰਗੋਸ਼ਾਂ ਨੇ ਸਾਰੀ ਕਹਾਣੀ ਸੁਣਾਈ। ਮਿੱਕੀ ਖਰਗੋਸ਼ ਬੋਲਿਆ – ਤੁਸੀਂ ਮੁਸੀਬਤ ਤੋਂ ਛੁਟਕਾਰਾ ਪਾਉਣ ਲਈ ਕੋਈ ਨਾ ਕੋਈ ਹੱਲ ਲੱਭਿਆ ਹੋਵੇਗਾ? ਸਾਰੇ ਖਰਗੋਸ਼ ਬੋਲੇ – ਸਾਡੀ ਸਮਝ ਵਿਚ ਤਾਂ ਕੁਝ ਨਹੀਂ ਆ ਰਿਹਾ। ਮਨ ਤਾਂ ਕਰਦਾ ਹੈ ਹੋਰ ਕਿਤੇ ਚਲੇ ਜਾਈਏ।

ਮਿੱਕੀ ਨੇ ਹੌਸਲਾ ਦਿੰਦੇ ਹੋਏ ਕਿਹਾ – ਮੁਸੀਬਤ ਦਾ ਸਾਹਮਣਾ ਹੌਸਲੇ ਅਤੇ ਸੂਝਬੂਝ ਨਾਲ ਕਰਨ ਨਾਲ ਕੋਈ ਰਸਤਾ ਜ਼ਰੂਰ ਨਿਕਲ ਆਵੇਗਾ ਤਾਂ ਖਰਗੋਸ਼ਾਂ ਦੀ ਜਾਨ ਵਿਚ ਜਾਨ ਆਈ। ਮਿੱਕੀ ਖਰਗੋਸ਼ ਕੁਝ ਸੋਚਣ ਲੱਗ ਪਿਆ। ਫਿਰ ਉਸ ਨੂੰ ਇਕ ਤਰਕੀਬ ਸੁੱਝੀ। ਉਸ ਨੇ ਯੋਜਨਾ ਸਮਝਾਉਂਦੇ ਹੋਏ ਕਿਹਾ – ਹਿੰਮਤ ਤੋਂ ਕੰਮ ਲਓ ਅਤੇ ਡਰੋ ਨਹੀਂ। ਮਿੱਕੀ ਦੇ ਕਹੇ ਅਨੁਸਾਰ ਸਭ ਆਪਣੀ ਆਪਣੀ ਜਗ੍ਹਾ ਤੇ ਆ ਕੇ ਬੈਠ ਗਏ। ਬਾਹਰੋਂ ਥੋੜ੍ਹੀ ਜਿਹੀ ਆਵਾਜ਼ ਆਈ ਤਾਂ ਮਿੱਕੀ ਨੇ ਉਚੀ ਆਵਾਜ਼ ਵਿਚ ਬੋਲਣਾ ਸ਼ੁਰੂ ਕਰ ਦਿੱਤਾ – ਅੱਜ ਉਹ ਸ਼ੇਰ ਸਾਡੇ ਵਿਚੋਂ ਇਕ ਨੂੰ ਖਾ ਲਵੇ ਤਾਂ ਮਜ਼ਾ ਆ ਜਾਵੇ ਕਿਉਂਕਿ ਸਾਨੂੰ ਸਭ ਨੂੰ ਬੀਮਾਰੀ ਲੱਗੀ ਹੋਈ ਹੈ। ਜਿਵੇਂ ਹੀ ਸਾਨੂੰ ਖਾਵੇਗਾ, ਉਸ ਨੂੰ ਵੀ ਬੀਮਾਰੀ ਲੱਗ ਜਾਵੇਗੀ। ਸ਼ੇਰ ਉਹਨਾਂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣਨ ਲੱਗ ਪਿਆ। ਮਿੱਕੀ ਦੁਬਾਰਾ ਫਿਰ ਆਪਣੀ ਗੱਲ ਦੁਹਰਾਉਣ ਲੱਗ ਪਿਆ। ਸਾਰੇ ਖਰਗੋਸ਼ ਹਾਂ ਹਾਂ ਕਰਨ ਲੱਗ ਪਏ। ਸ਼ੇਰ ਨੇ ਉਹਨਾਂ ਦੀਆਂ ਗੱਲਾਂ ਸੁਣ ਕੇ ਯਕੀਨ ਕਰ ਲਿਆ ਤੇ ਉਹਨਾਂ ਵਿਚੋਂ ਕਿਸੇ ਨੂੰ ਵੀ ਖਾਣ ਦਾ ਵਿਚਾਰ ਛੱਡ ਦਿੱਤਾ। ਬੀਮਾਰੀ ਦੇ ਡਰੋਂ ਉਹ ਕਦੇ ਉਧਰ ਨਹੀਂ ਆਇਆ। ਸਾਰੇ ਖਰਗੋਸ਼ ਖੁਸ਼ੀ-ਖੁਸ਼ੀ ਰਹਿਣ ਲੱਗੇ। ਸਾਰੇ ਖਰਗੋਸ਼ਾਂ ਨੇ ਮਿੱਕੀ ਦਾ ਧੰਨਵਾਦ ਕੀਤਾ ਤੇ ਅੱਗੇ ਤੋਂ ਕਿਸੇ ਵੀ ਮੁਸੀਬਤ ਸਮੇਂ ਸੋਚ-ਸਮਝ ਕੇ ਹਿੰਮਤ ਤੋਂ ਕੰਮ ਲੈ ਕੇ ਮੁਸੀਬਤ ਦਾ ਮੁਕਾਬਲਾ ਕਰਨ ਦਾ ਵਾਅਦਾ ਕੀਤਾ।

ਸਿਖਿਆ – ਬੱਚਿਓ , ਮੁਸੀਬਤ ਸਮੇਂ ਹੌਸਲਾ ਨਹੀਂ ਛੱਡਣਾ ਚਾਹੀਦਾ ਬਲਕਿ ਉਸ ਦਾ ਹਿੰਮਤ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ।




# ਦਾਦਾ ਜੀ

ਚਿੱਤਰਕਾਰ ਅਤੇ ਲੇਖਕ :
ਅਜੈ ਕਾਲੜਾ







ਰੁੱਖ ਚਿੰਤਿਤ ਹੋਣ ਲੱਗੇ।
ਹੁਣ ਕੀ ਹੋਏਗਾ ਦਾਦਾ?
ਤੁਸੀਂ ਫਿਕਰ ਨਾ ਕਰੋ। ਬਿਨਾਂ ਹੱਥੇ ਦੀ ਕੁਲਹਾੜੀ ਨਾਲ ਇਹ ਸਾਡਾ ਕੁਝ ਵੀ ਨਹੀਂ ਵਿਗਾੜ ਪਾਏਗਾ।
ਲੱਕੜਹਾਰੇ ਦੇ ਕੋਲ ਬਿਨਾਂ ਹੱਥੇ ਦੀ ਕੁਲਹਾੜੀ ਸੀ। ਉਸ ਨੇ ਕਾਫੀ ਦੇਰ ਤਕ ਬਹੁਤ ਮਿਹਨਤ ਕੀਤੀ , ਪਰੰਤੂ ਕੋਈ ਫਾਇਦਾ ਨਾ ਹੋਇਆ।
ਉਫ ! ਕੁਲਹਾੜੀ ਮਾਰਦੇ-ਮਾਰਦੇ ਮੈਂ ਤਾਂ ਥੱਕ ਗਿਆ, ਐਨੇ ਮੋਟੇ-ਮੋਟੇ ਰੁੱਖਾਂ ਨੂੰ ਮੈਂ ਕਿਵੇਂ ਕੱਟਾਂ? ਮੇਰੇ ਕੋਲ ਤਾਂ ਕੁਲਹਾੜੀ ਵੀ ਬਿਨਾਂ ਹੱਥੇ ਦੀ ਹੈ।
ਵੇਖਦੇ ਹਾਂ ! ਇਕੱਲਾ ਲੋਹਾ ਸਾਡੇ ਸਖਤ ਤਣਿਆਂ ਦਾ ਕੀ ਵਿਗਾੜੇਗਾ।


ਮੈਂ ਇਸ ਕੁਲਹਾੜੀ ਨਾਲ ਇਸ ਮੋਟੇ ਰੁੱਖ ਨੂੰ ਕੱਟ ਨਹੀਂ ਸਕਦਾ। ਮੈਨੂੰ ਕੁਝ ਹੋਰ ਸੋਚਣਾਂ ਪਏਗਾ।
ਦਾਦਾ ! ਵੇਖੋ ਉਹ ਜਾ ਰਿਹਾ ਹੈ। ਤੁਸੀਂ ਠੀਕ ਹੀ ਕਿਹਾ ਸੀ। ਉਹ ਸਾਡਾ ਕੁਝ ਨਹੀਂ ਵਿਗਾੜ ਸਕਿਆ।
ਅਗਲੇ ਦਿਨ ਲਕੜਹਾਰੇ ਨੂੰ ਇਕ ਤਰਕੀਬ ਸੁੱਝੀ -
ਜੇ ਮੈ ਇਸ ਕੁਲਹਾੜੀ ਵਿਚ ਲੱਕੜੀ ਦਾ ਹੱਥਾ ਲਗਾ ਦੇਵਾਂ ਤਾਂ ਮੇਰਾ ਕੰਮ ਆਸਾਨ ਹੋ ਜਾਵੇਗਾ।



ਉਹ ਫਿਰ ਆ ਰਿਹਾ ਹੈ ਦਾਦਾ !
ਉਸ ਦੀ ਕੁਲਹਾੜੀ ਵਿਚ ਹੱਥਾ ਲਗਿਆ ਹੈ।
ਲਗਦਾ ਹੈ ਅਸੀਂ ਹੁਣ ਨਹੀਂ ਬਚ ਪਾਵਾਂਗੇ। ਸਾਡੀ ਇਕ ਲੱਕੜੀ ਤਾਂ ਉਸ ਨਾਲ ਜਾ ਮਿਲੀ ਹੈ।
ਹਾਇ ! ਇਸ ਲੱਕੜੀ ਨੇ ਸਭ ਨੂੰ ਮਰਵਾ ਦਿੱਤਾ।
ਲੋਹੇ ਦੀ ਕੁਲਹਾੜੀ ਵਿਚ ਲੱਕੜੀ ਦਾ ਹੱਥਾ ਨਾ ਹੁੰਦਾ ਤਾਂ ਸ਼ਾਇਦ ਰੁੱਖ ਕੱਟਣ ਤੋਂ ਬਚ ਜਾਂਦੇ।
ਆਖਿਰ ਰੁੱਖ ਦੀ ਲੱਕੜ ਹੀ ਰੁੱਖ ਦੀ ਦੁਸ਼ਮਣ ਬਣ ਗਈ। ਜਦ ਤਕ ਲੱਕੜੀ ਦੀ ਸਹਾਇਤਾ ਨਹੀਂ ਮਿਲੀ ਤਦ ਤਕ ਲੋਹੇ ਦੀ ਕੁਲਹਾੜੀ ਰੁੱਖ ਨੂੰ ਨਾ ਕੱਟ ਪਾਈ। ਰੁੱਖ ਦਾ ਇਕ ਅੰਸ਼ ਲੱਕੜੀ ਕੁਲਹਾੜੀ ਨਾਲ ਜੁੜ ਗਈ ਸੀ। ਇਸ ਲਈ ਉਸ ਲੱਕੜੀ ਨੇ 'ਘਰ ਦਾ ਭੇਦੀ ਲੰਕਾ ਢਾਏ' ਵਾਲਾ ਕੰਮ ਕੀਤਾ। ਹੁਣ ਵਿਚਾਰੇ ਰੁੱਖ ਕਿਸ ਤਰ੍ਹਾਂ ਬਚ ਸਕਦੇ ਸਨ? ਇਸੀ ਤਰ੍ਹਾਂ ਦੇਸ਼ ਜਾਂ ਸਮਾਜ ਨੂੰ ਆਪਣੇ ਗਦਾਰਾਂ ਤੋਂ ਹੀ ਜ਼ਿਆਦਾ ਖਤਰਾ ਹੁੰਦਾ ਹੈ।
ਸਿੱਖਿਆ - ਘਰ ਦਾ ਭੇਦੀ ਲੰਕਾ ਢਾਏ।

# ਕਦੇ ਨਾ ਭੁੱਲੋ

- ਜੰਗ ਕਦੇ ਚੰਗੀ ਨਹੀਂ ਹੁੰਦੀ। ਸ਼ਾਂਤੀ ਕਦੇ ਬੁਰੀ ਨਹੀਂ ਹੁੰਦੀ। ਸਹਿਨਸ਼ੀਲਤਾ ਕਮਜ਼ੋਰੀ ਨਹੀਂ ਹੁੰਦੀ ਸਗੋਂ ਸ਼ਕਤੀ ਹੀ ਸੂਚਕ ਹੈ।

(ਸਤਿਗੁਰੂ ਬਾਬਾ ਹਰਦੇਵ ਸਿੰਘ ਜੀ)

- ਪ੍ਰੇਮ ਇਕ ਅਜਿਹੀ ਸ਼ਕਤੀ ਹੈ ਜੋ ਦੁਸ਼ਮਣੀ ਨੂੰ ਵੀ ਦੋਸਤੀ ਵਿਚ ਬਦਲ ਸਕਦੀ ਹੈ।

(ਮਾਰਟਨ ਲੂਥਰ)

- ਜਦ ਤੁਹਾਡੇ ਕੋਲ ਕਹਿਣ ਲਈ ਕੁਝ ਨਾ ਹੋਵੇ ਉਦੋ ਕੁਝ ਨਾ ਕਹੋ, ਸਿਰਫ ਵਿਚਾਰ ਕਰੋ।

(ਚਾਰਲਸ ਕੈਲੇਜ ਕੋਲਟਨ)

- ਗਲਤੀ ਕਰਨਾ ਮਨੁੱਖ ਦਾ ਸੁਭਾਅ ਹੈ। ਕੀਤੀ ਗਲਤੀ ਨੂੰ ਸਵੀਕਾਰ ਕਰਨਾ ਤੇ ਫਿਰ ਉਹੋ ਜਿਹੀ ਗਲਤੀ ਨਾ ਕਰਨ ਦਾ ਯਤਨ ਕਰਨਾ ਵੀਰਤਾ ਦੀ ਨਿਸ਼ਾਨੀ ਹੈ।

(ਮਹਾਤਮਾ ਗਾਂਧੀ)

- ਦੂਜਿਆਂ ਤੋਂ ਅਸੀਂ ਜੋ ਆਸ ਰਖਦੇ ਹਾਂ ਉਸ ਤੋ ਕਈ ਗੁਣਾ ਵੱਧ ਉਹਨਾ ਲਈ ਕਰੀਏ।

(ਲਾਈਨਸ ਪਾਡਲਿੰਗ)

- ਸੂਰਜ ਦੀ ਰੋਸ਼ਨੀ ਤੋ ਬਿਨਾ ਫੁੱਲ ਨਹੀ ਖਿੜ ਸਕਦੇ। ਇਵੇਂ ਪ੍ਰੇਮ ਤੋ ਬਿਨਾ ਇਨਸਾਨ ਜੀਅ ਨਹੀਂ ਸਕਦਾ।

(ਮੈਕਸ ਮੂਲਰ)

- ਕੱਲ ਡਿੱਗ ਪਏ ਸੀ ਤਾਂ ਕੀ ਹੋਇਆ ਅੱਜ ਫਿਰ ਤੋਂ ਖੜੇ ਹੋ ਜਾਉ।

(ਏ.ਜੀ.ਵੇਲਸ)

- ਅਸੀਂ ਚੀਜਾਂ ਨੂੰ ਉਹੋ ਜਿਹੀਆ ਨਹੀ ਵੇਖਦੇ ਜਿਹੋ ਜਿਹੀਆ ਉਹ ਹੁੰਦੀਆ ਹਨ। ਅਸੀਂ ਉਹਨਾਂ ਨੂੰ ਉਹੋ ਜਿਹੀਆਂ ਵੇਖਦੇ ਹਾਂ ਜਿਹੋ ਜਿਹੇ ਅਸੀਂ ਹੁੰਦੇ ਹਾਂ।

(ਅਨਾਇਸ ਨੀਨ)

- ਜੋ ਮਾਫ ਨਹੀ ਕਰ ਸਕਦੇ ਉਹ ਉਸੇ ਪੁਲ ਨੂੰ ਨਸ਼ਟ ਕਰ ਦਿੰਦੇ ਹਨ ਜਿਸ ਤੋ ਉਹਨਾਂ ਨੇ ਅੱਗੇ ਜਾਣਾ ਹੁੰਦਾ ਹੈ।

(ਕੰਫਯੂਸੀਅਸ)

- ਸਫਲਤਾ ਦਾ ਨੁਸਖਾ ਆਸਾਨ ਹੈ। ਜੋ ਸਹੀ ਹੈ ਉਸ ਨੂੰ ਉਸੇ ਸਮੇਂ ਤੇ ਸਹੀ ਤਰੀਕੇ ਨਾਲ ਕਰੋ।

❑ ਸੰਗ੍ਰਹਿਕਰਤਾ : ਡਿੰਪਲਜੀਤ ਰੰਧਾਵਾ

kids Nirankari
spiritual dreamland for kids

# Spiritual Zone for kids



With the blessings of His Holiness Experience online spiritual learning with exciting and fun features highlights our mission's message. Visit regularly to watch tiny tots excelling in the spiritual journey.

**kids.nirankari.org**

- His Holiness Message
- Glimpse of Blessing
- Message in colors
- Poetry Fantasy
- Wacky and True
- Fun Games
- Hansti Duniya
- Kids Creation
- Kids Activities
- Jokes
- Avtar Vani
- Story Time

**Share** your talent in form of painting, poetry & story



Registered with the Registrar of Newspaper For India Under RNI No. 32345/77 : Delhi Postal Regd. No. DL-(N)-01/0137/2015-17
: Licence No. U (DN)-60/2015-17
: Licenced to post without Pre-payment




# ਨਿਰੰਕਾਰੀ ਪਤ੍ਰ-ਪਤ੍ਰਕਾਵਾਂ ਪੜ੍ਹੋ ਅਤੇ ਪੜ੍ਹਾਓ !

| ਸੰਤ ਨਿਰੰਕਾਰੀ | ਏਕ ਨਜ਼ਰ | ਹੰਸਤੀ ਦੁਨੀਆ |
|---|---|---|
| (ਗਿਆਰਾਂ ਭਾਸ਼ਾਵਾਂ ਵਿਚ) | (ਤਿੰਨ ਭਾਸ਼ਾਵਾਂ ਵਿਚ) | (ਚਾਰ ਭਾਸ਼ਾਵਾਂ ਵਿੱਚ) |

'ਸੰਤ ਨਿਰੰਕਾਰੀ' 'ਹੰਸਤੀ ਦੁਨੀਆ (ਹਿੰਦੀ, ਪੰਜਾਬੀ ਅਤੇ ਅੰਗਰੇਜੀ) ਅਤੇ 'ਏਕ ਨਜ਼ਰ' (ਹਿੰਦੀ ਅਤੇ ਪੰਜਾਬੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ
ਪਤ੍ਰਿਕਾ ਵਿਭਾਗ, ਨਿਰੰਕਾਰੀ ਕੰਪਲੈਕਸ, ਨਿਰੰਕਾਰੀ ਸਰੋਵਰ ਦੇ ਨੇੜੇ

PH. 011–47660200, E-mail : patrika@nirankari.org

ਸੰਤ ਨਿਰੰਕਾਰੀ, ਹੰਸਤੀ ਦੁਨੀਆ, ਏਕ ਨਜ਼ਰ (ਮਰਾਠੀ) ਅਤੇ ਸੰਤ ਨਿਰੰਕਾਰੀ (ਨੇਪਾਲੀ) ਦਾ ਮੈਂਬਰ ਬਣਨ ਲਈ ਸੰਪਰਕ ਕਰੋ

**Sant Nirankari Satsang Bhawan**
**1st Floor, 50, Morbag Road, Naigaon, Dadar (E) MUMBAI-400 014 (Mah.)**
e-mail : chandunirankari@yahoo.com & marathi@nirankari.org

ਹੋਰ ਭਾਸ਼ਾਵਾਂ ਦੀਆਂ ਪਤ੍ਰਕਾਵਾਂ ਦਾ ਮੈਂਬਰ ਬਣਨ ਲਈ ਹੇਠ ਲਿਖੇ ਅਨੁਸਾਰ ਸੰਪਰਕ ਕਰੋ

| TAMIL | ORIYA | TELUGU | GUJRATI | KANNADA | BANGLA |
|---|---|---|---|---|---|
| Sant Nirankari Satsang Bhawan, #7, Govindan Street, Ayavoo Naidu Colony, Aminji Karai, CHENNAI-600 029 (T.N.) Ph. 04423740830 | Sant Nirankari Satsang Bhawan, Kazidiha, Post Madhupatna, CUTTACK-753 010 (Orissa) Ph. 0671-2341250 | Sant Nirankari Satsang Bhawan, No. 6-2-970, Khairtabad, HYDERABAD-Pin : 500 029 Ph. 0104-23317879 | Sant Nirankari Satsang Bhawan, 31, Pratapganj, VADODARA-390002 (Guj.) Ph. 0285-275068 | Sant Nirankari Satsang Bhawan, 88, Rattanvillas Road, Southend Circle, Basavangudi, BELGURU-560 004 (Kamataka) Ph. 080-26577212 | Sant Nirankari Satsang Bhawan, 1-D, Nazar Ali Lane, Near Beck Bagan, KOLKATA-700 019 Ph. 033-22871658 |

ਪਤ੍ਰ-ਪਤ੍ਰਕਾਵਾਂ ਦੇ ਪ੍ਰਸਾਰ ਅਭਿਆਨ ਵਿਚ ਯੋਗਦਾਨ ਦੇ ਕੇ ਸਤਿਗੁਰੂ ਮਾਤਾ ਜੀ ਦੇ ਅਸ਼ੀਰਵਾਦ ਦੇ ਪਾਤਰ ਬਣੋ।

Posted at NDPSO Prescribed dates 23rd & 24th. Date of Publication: 17th & 18th (Advance Month)